ਉਹ ਗ਼ੁਲ

ਮੁਨਸ਼ਾ ਸਿੰਘ "ਦੁਖੀ"

ਪ੍ਰਕਾਸ਼ਕ:—

ਜੀਵਨ ਪ੍ਰਿੰਟਰਜ਼ ਲਿਮਟਿਡ

ਬੰਬਈ ਨੰ: ੧੧.

ਮੁਲ ੧॥)

ਪ੍ਰਦੇਸ ਤਿੰਨ ਸ਼ਲਿੰਗ

ਉੱਚ ਕੁਲ

ਮੁਨਸ਼ਾ ਸਿੰਘ "ਦੁਖੀ"

ਪ੍ਰਕਾਸ਼ਕ:—

ਜੀਵਨ ਪ੍ਰਿੰਟਰਜ਼ ਲਿਮਟਿਡ

ਬੰਬਈ ਨੰ: ੧੧.

ਮੁਲ ੧॥)

ਪ੍ਰਦੇਸ ਤਿੰਨ ਸ਼ਲਿੰਗ

ਪਹਿਲੀ ਵਾਰ ੧੦੦੦
ਦਸੰਬਰ ੧੯੫੧


ਤੈ ਕ੍ਰਮ

੧. ਵਾਰ ਦਾ ਮੁਲ ੧

੨. ਹੈਦਰ ਖਾਨ ੨੧

੩. ਸ਼ਹੀਦਾਂ ਦੇ ਦਰਸ਼ਨ ੫੫

ਕਿਹਰ ਸਿੰਘ ਗਿਲ ਮੈਨੇਜਿੰਗ ਡਾਇਰੈਕਟਰ ਜੀਵਨ ਪ੍ਰਿੰਟਰਜ਼ ਲਿਮਟਿਡ
ਦੇ ਯਤਨ ਨਾਲ ਛਪੀ ਤੇ ਦਫ਼ਤਰ ਜੀਵਨ ਪਬਲੀਕੇਸ਼ਨਜ਼ ਅਲਾਨਾ
ਕੰਪਾਊਂਡ ਬੰਬਈ ੧੧ ਵਿਚੋਂ ਪ੍ਰਕਾਸ਼ਤ ਕੀਤੀ ਗਈ ॥



ਸ੍ਰ: ਮੁਨਸ਼ਾ ਸਿੰਘ 'ਦੁਖੀ'

ਵਾਰ ਦਾ ਮੁੱਲ

ਪੰਥ ਖਾਲਸਾ

ਬੀਰਨ ਕੋ ਬੀਰ ਮੀਰ ਪੀਰਨ ਕੋ ਮੀਰ ਪੀਰ,
ਕੁਟਲ ਕੁਸੱਤਨ ਕੁਪੱਤਨ ਕੋ ਕਾਲਸਾ ।
ਜਪੀ ਤਪੀ ਗਹਿਰ ਗੰਭੀਰ ਦਯਾ ਸ਼ਾਂਤਿ ਨਿਧਿ,
ਦੀਨਨ ਕੋ ਰਖਜਕ ਗੁਨੀਅਣ ਕੋ ਗਾਲਸਾ ।
ਰੰਗ ਮੇਂ ਰੰਗੀਲੋ ਜੀ ਹਠੀਲੋ ਔ ਛਬੀਲੋ ਬੀਰ,
ਬਾਂਕੁਰੇ ਸਜੀਲੋ ਦਸ਼ਮੇਸ਼ ਜੂ ਕੋ ਖਾਲਸਾ ।
ਬਾਲਸਾ ਖਿਆਲ ਹਉਂ ਖਿਆਲ ਪਰਜੋ ਖਾਲਸਾ ਜੀ,
ਕੀਜੀਐ ਨਿਹਾਲ ਦੀਜੈ ਪੂਰ ਮੇਰੀ ਲਾਲਸਾ ।

—o—

ਲਾਲਸਾ ਪੁਰੀਜੈ, ਕੀਜੈ ਲਾਲਸਾ ਨ ਖਾਲਸਾ ਜੀ,
ਲਾਲਸਾ ਮਰੁਾਲਸਾ ਨਿਰੋਲ ਪੰਥ ਖਾਲਸਾ ।
ਖਾਲਸਾ ਹਲੀਮਨ ਕੋ, ਕਾਲਸਾ ਹੈ ਬਾਲਿ ਸਾ ਕੋ,
ਢਾਲਸਾ ਯਤੀਮਨ ਕੋ ਦਾਨੀ ਦੀਹ ਬਾਲਸਾ ।
ਬਾਲਸਾ ਸੁਚਾਲਨ ਕਪਾਲਿਸਾ ਕੁਚਾਲਨ ਕੋ,
ਪਾਲਨ ਬਿਹਾਲਨ ਕੰਗਾਲਨ ਕੋ ਮਾਲਿਸਾ ।
ਮਾਲਸਾ ਹੈ ਦੀਨਨ ਦਲਿਦ੍ਰ "ਦੁਖੀ" ਦਾਸਨ ਕੋ,
ਆਪਣੀ ਮਸਾਲ ਤੂੰ ਹੀ ਆਪ ਪੰਥ-ਖਾਲਸਾ ।

'ਸਤਿ ਸ੍ਰੀ ਅਕਾ.....ਲ !'

ਸਤਿਗੁਰੂ ਦਿਆ ਸਵਾਰਿਆ, ! ਦਸ਼ਮੇਸ਼ ਦੁਲਾਰਿਆ !! ਪੰਥ ਪਿਆਰਿਆ !!! ਗੁਰਮੁਖ ਸਿੰਘਾ !!!! ਭਾਈ ਗੁਰਮੁਖ ਸਿੰਘਾ !!!!! ਓ ਭਾਈ ਪ੍ਰੇਮੀਆ ਗੁਰਮੁਖ ਸਿੰਘਾ !!!!!!'

ਇਉਂ ਇਕ ਗੱਭਰੂ, ਸਜੀਲਾ; ਸ਼ਸਤਰਧਾਰੀ ਪ੍ਰੇਮ ਮਸਤਾਨਾ ਹਰਿ ਰੰਗ ਰਤਾ, ਨਿਹੰਗ ਸਿੰਘ ਰਾਮ ਗੜ੍ਹ ਕਿਲੇ ਅਗੇ, ਨਿਕੇ ਜੇਹੇ ਕਚੇ ਘਰ ਦੇ ਸੋਹੇਂ ਖੜਾ ਹਾਕਾਂ ਮਾਰ ਰਿਹਾ ਹੈ।

ਪੋਹ ਦਾ ਮਹੀਨਾ, ਹਵਾ ਦਾ ਚਲਣਾ ਬਲਦੀ ਤੇ ਤੇਲ ਸਮਝੋ। ਤਾਰੇ ਵਿਚਾਰੇ ਸਾਰੀ ਰਾਤ ਸੁੰਦਰ ਸੁਨੱਖੀ ਬਿਰਹਾ ਕੁਠੀ ਮੁਟਿਆਰ ਨਾਰਿ ਦੀ ਉਡੀਕਵਾਨ ਪ੍ਰੇਮ-ਜਲ ਭਰੀ ਅੱਖ ਵਾਂਗ ਬਿਟ ਬਿਟ ਤਕਦੇ ਤਕਦੇ ਥੱਕ ਕੇ, ਆਵਾਹੀਨ ਹੋ ਰਹੇ, ਜਾਣੀ ਵਿਸਰਾਮ ਕਰਨ ਲਈ ਮੂੰਹ ਲੁਕੋ ਰਹੇ ਹਨ। ਚੰਦ ਭਗਵਾਨ ਵੀ ਰਸੀਆਂ ਨੂੰ ਰਸਾ, ਬਿਰਹੀਆਂ ਜਲਿਆਂ ਕੁਠਿਆਂ ਨੂੰ ਜਲਾ, ਸਤਾ, ਨਿਰਮੋਹੇ ਪਤੀ ਵਾਂਗ, ਸੁਹਾਗ ਵਤੀ ਰਾਤ ਰਾਣੀ ਨੂੰ ਵਿਛੋੜਾ ਪਾ, ਜਾਂ ਕਹੋ ਆਪਣੀ ਡੀਊਟੀ ਨਿਭਾ, ਆਰਾਮ ਲਈ ਆਪਣੇ ਨਿਵਾਸ ਅਸਥਾਨ ਨੂੰ ਜਾ ਰਿਹਾ ਹੈ। ਤਾਰਿਆਂ ਦੀ ਦਮਕ ਤੇ ਚੰਦ ਦੀ ਅੰਤਲੀ ਚਮਕ ਮਰਨ ਹਾਰ ਬੰਦੇ ਵਾਂਗ, ਛਿਨਿਕੁ ਜੋਬਨ ਵਿਚ ਆ ਸ਼ਕਤੀਹੀਨ ਹੋ ਦਿਨ ਆਗਮਨ ਵਿਚ ਲੀਨ ਹੋ ਰਹੀ ਹੈ।

ਪਲੋ ਪਲੀ ਵਿਚ ਚੜ੍ਹਦੇ ਵਲਿ ਕਵੀ ਦੀ ਨਾਜ਼ਕ ਖਿਆਲ ਜੇਹੀ ਨਿਰਾਲੀ ਪ੍ਰਭਾਤ ਦੀ ਲਾਲੀ ਉਠੀ, ਜਾਣੀ ਇਹ ਕੁਦਰਤੀ ਬਹੂ ਆਪਣੇ ਪਤੀ ਸੂਰਜ ਭਗਵਾਨ ਦੇ ਆਉਣ ਦਾ ਸਮਾਂ ਜਾਣਿ, ਖੁਸ਼ੀ ਵਿਚ ਫੁਲੀ, ਵਡਮੁੱਲੀ ਲਾਲ ਗੁਲਾਬੀ ਸਾੜ੍ਹੀ ਲਾਈ ਆਉ ਭਗਤ ਲਈ ਖੜੀ ਹੈ। ਜਨੌਰ ਚਹਿ ਚਹਾ ਰਹੇ, ਜਿਸ ਨੂੰ ਲੋਕੀਂ ਆਖਦੇ

ਹਨ ਗਾ ਰਹੇ, ਰੌਲਾ ਪਾ ਰਹੇ, ਆਲ੍ਹਣਿਆਂ ਵਿਚੋਂ ਨਿਕਲ ਨਿਕਲ ਟਪੂਸੀਆਂ ਲਾ ਰਹੇ, ਖੰਭ ਖਿਲਾਰਿ, ਚੁੰਜਾਂ ਮਾਰ ਮਾਰਿ ਜਾਣੀ ਬੰਗਾਲਣਾਂ ਵਾਂਗ ਨ੍ਹਾਕੇ ਬਾਲ ਸੁਆਰ ਰਹੇ ਹਨ। ਸਾਧਾਰਨ, ਵਡੀ ਰਾਤ ਦੇ ਖਿਲੰਦੜ, ਵਿਸ਼ਈ ਤੇ ਬੇਂਤਬਾਜ਼ ਲੋਕੀਂ ਅਜੇ ਬੂਹੇ ਲਾਈ ਮੰਜਿਆਂ ਤੇ ਹੀ ਪਾਸੇ ਮਾਰ ਰਹੇ, ਅੱਖਾਂ ਮਲ ਰਹੇ ਤੇ ਉਗਾੜੀਆਂ ਭੰਨ ਰਹੇ ਸਨ, ਕਿ ਨਿਹੰਗ ਸਿੰਘ ਸਤਿਨਾਮ, ਸਤਿਨਾਮ, ਸ੍ਰੀ ਵਾਹਿਗੁਰੂ ਵਾਹਿਗੁਰੂ ਜਪਦੇ ਨੇ ਫੇਰ 'ਗੁਰਮੁਖਾ ! ਓ ਬਈ ਗੁਰਮੁਖ ਪਿਆਰਿਆ ਗੁਰਮੁਖ ਸਿੰਘਾ !!' ਆਖ ਆਖਿ ਆਵਾਜਾਂ ਮਾਰਨੀਆਂ ਅਰੰਭ ਦਿਤੀਆਂ। ਐਤਕੀਂ ਅੰਦਰੋਂ 'ਹਾਂ ਜੀ' ਦੇ ਉਤਰ ਦੇ ਨਾਲ ਹੀ ਇਕ ਅਧਖੜ ਉਮਰ ਦਾ ਗੋਰਾ ਭਰਵੇਂ ਸਰੀਰ ਦਾ ਸਿੰਘ ਨਿਕਲਿਆ, ਦੁਵਲਿਓਂ ਹਥ ਜੁੜ ਗਏ ਤੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਦੇ ਨਾਲ ਹੀ ਇਕ ਦੂਏ ਦੇ ਗੋਡੀਂ ਹਥ ਲਾ, ਜੱਫੀਆਂ ਪੈ ਗਈਆਂ, ਆਪੋ ਵਿਚੀ ਗਲੇ ਮਿਲਿ, ਗੁਰਮੁਖ ਸਿੰਘ ਨੇ ਨਿਹੰਗ ਸਿੰਘ ਜੀ ਨੂੰ ਆਨੰਦ ਸਮਾਚਾਰ ਤੇ ਦਰਸ਼ਨ ਦੇਣ ਦਾ ਕਾਰਨ ਪੁਛਿਆ।

ਨਿਹੰਗ ਸਿੰਘ—ਗੁਰਮੁਖ ਪਿਆਰਿਆ, ਗੁਰੂ ਸਵਾਰਿਆ, ਗੁਰਸਿਖ ਭਰਾਵਾ ! ਪਰੂੰ ਦੀ ਪੋਹ ਸੁਦੀ ਸਤਮੀ ਵਾਲੇ ਗੁਰਪੁਰਬ ਤੋਂ ਪਿਛੋਂ—ਓਹ ! ਜਦ ਆਪਾਂ ਸ੍ਰੀ ਦਰਬਾਰ ਸਾਹਿਬ ਜੀ ਦੀ ਪ੍ਰਕਰਮਾਂ ਵਿਚ ਮਿਲੇ ਸਾਂ—ਫੌਜਾਂ ਨੇ ਗੁਰਧਾਮਾਂ ਦੀ ਯਾਤਰਾ ਲਈ ਮਾਲਵੇ ਅਤੇ ਦੁਆਬੇ ਵਲ ਨੂੰ ਚਾਲੇ ਪਾਏ। ਤਰਨ ਤਾਰਨ, ਖਡੂਰ ਸਾਹਿਬ ਤੇ ਗੋਇੰਦਵਾਲ ਹੋ ਗੁਰੂ ਕੀ ਕਾਂਸ਼ੀ ਸ੍ਰੀ ਦਮਦਮਾ ਸਾਹਿਬ, ਸ੍ਰੀ ਮੁਕਤਸਰ ਸਾਹਿਬ ਹੋ ਅਨੰਦ ਪੁਰ ਸਾਹਿਬ ਆਦਿ ਅਸਥਾਨਾਂ ਦੇ ਦਰਸ਼ਨ ਕਰਿ ਜਨਮ ਸਫਲਾ ਕੀਤਾ।

ਗੁਰਮੁਖ ਸਿੰਘ—(ਨਿਹੰਗ ਸਿੰਘ ਦੇ ਗੋਡਿਆਂ ਵਲ ਝੁਕ ਕੇ) ਧੰਨ ਹੋ ! ਧੰਨ ਹੋ !! ਪਵਿਤ੍ਰ ਹਨ ਆਪ ਦੇ ਚਰਨ, ਤੇ ਨਿਰਮਲ ਹੈ

ਆਪ ਦੀ ਬੁਧੀ। ਬਲਿਹਾਰੇ ! ਬਲਿਹਾਰੇ !! ਬਲਿਹਾਰੇ ਜਾ
ਆਪ ਦੇ ਉਦਮ ਦੇ।

ਨਿਹੰਗ ਸਿੰਘ ਨੇ ਗੁਰਮੁਖ ਸਿੰਘ ਦੇ ਝੁਕਦੇ ਹਥ ਫ
'ਵਾਹਿਗੁਰੂ ! ਵਾਹਿਗੁਰੂ !! ਵਾਹਿਗੁਰੂ !!!' ਆਖਿ ਜਫੀ ਪਾ ਲਈ
ਫਿਰ ਇਉਂ ਆਪ ਬੀਤੀ ਕਹਿਣੀ ਸ਼ੁਰੂ ਕੀਤੀ:—

ਬਸ ਸਜਣਾ ! ਗੁਰਧਾਮਾਂ ਨੂੰ ਪਰਸਦੀਆਂ, ਸੰਗਤਾਂ ਦੇ ਦਰਸ਼
ਕਰਦੀਆਂ ਫੌਜਾਂ ਨੇ ਮਨ ਭਾਉਣਾ ਚੱਕਰ ਲਾਇਆ। ਪਰਸੋਂ ਰਾਤ ਨ
ਗਲ ਹੈ ਕਿ ਗੋਬਿੰਦ ਗੜ ਨਗਰ ਵਿਚ ਬੈਠਿਆਂ, ਸਤਸੰਗੀ ਗੁਰਮੁ
ਪਿਆਰਿਆਂ ਤੋਂ ਸੋ ਸੁਣੀ ਕਿ ਤਰੁਨੇ ਦਲ ਦੇ ਜਥੇਦਾਰ ਵਲੋਂ ਗੁ
ਦੀਆਂ ਲਾਡਲੀਆਂ ਮਸਤਾਨੀਆਂ (ਨਿਹੰਗ) ਫੌਜਾਂ ਨੂੰ ਹੁਕਮ ਚੜ੍ਹਿਆ
ਹੈ ਕਿ ਪੋਹ ਸੁਦੀ ਸਤਮੀ, ਸਚੇ ਪਾਤਸ਼ਾਹ ਦੀਨ ਦੁਨੀ ਦੇ ਵਾਲੀ, ਪੰ
ਮਾਲੀ, ਜਗਤ ਰਖਵਾਲੀ ਸ੍ਰੀ ਦਸ਼ਮੇਸ਼ ਪਿਤਾ ਜੀ ਦੇ ਸਥੂਲ ਦੇਹ
ਧਾਰਿ ਦੁਖੀਆਂ ਦੇ ਕਸ਼ਟ ਨਿਵਾਰਨ ਹਿਤ ਮਾਤ ਲੋਕ ਵਿਚ ਆਗਮ
ਦਿਵਸ ਗੁਰਪੁਰਵ ਦਿਹਾੜੇ ਤੇ ਕੇਸਗੜ ਸ੍ਰੀ ਅਨੰਦ ਪੁਰ ਸਾਹਿਬ ਵਿ
ਗੁਰੂ ਦੀਆਂ ਫੌਜਾਂ ਦਾ ਗੱਜ ਵਜ ਕੇ ਦੀਵਾਨ ਸਜੇਗਾ, ਅਤੇ ਤੀਰੰਦਾਜ਼ੀ
ਚਕ੍ਰ ਚਲਾਈ, ਘੋੜ ਦੌੜ ਗੱਤਕਾ ਤੇ ਸ੍ਰੀ ਸਾਹਿਬ ਦੇ ਕਰਤਵ ਆਦਿ
ਸ਼ਸਤ੍ਰ ਵਿਦਿਆ ਦੇ ਜੌਹਰ ਦਿਖਾਲੇ ਜਾਣਗੇ। ਫੇਰ ਕੀ ਸੀ ਗੁਰਮੁ
ਖਾਲਸੇ ਨੇ ਤੁਰਤ ਚੜ੍ਹਾਈ ਕਰ ਦਿਤੀ ਤੇ ਫੌਜਾਂ ਮਾਰੋ ਮਾਰ ਕਰਦੀਆ
ਵਹੀਰ ਘਤੀ ਜਾ ਰਹੀਆਂ ਹਨ।

ਗੁਰਮੁਖ ਪਿਆਰਿਆ ! ਜੇਠ ਸੁਦੀ ਚੌਥ ਤੇ ਬਾਬਾ ਜੀ ਦ
ਅਖੰਡ ਸੇਵਾ ਤੋਂ (ਅਖੰਡ ਪਾਠ ਕਰਨ ਤੋਂ) ਇਕ ਗੁਰਮੁਖ ਪ੍ਰੇਮੀ ਨੂ
ਫੌਜਾਂ ਨੂੰ ਸਵਾ ਲਖ ਦਮੜਾ ਤਾਰਿਆ। ਖਾਲਸੇ ਨੇ ਤਦੋਂ ਹੀ ਸ੍

ਸਾਹਿਬ ਜੀ ਦੀ ਸੇਵਾ ਕਰਾਉਣ ਦਾ (ਧਾਰ ਲੁਆਉਣ ਦਾ) ਅਰਦਾਸਾ ਸੋਧ ਦਿਤਾ ਸੀ।

ਗੁਰਮੁਖ ਸਿੰਘ–ਬਲਿਹਾਰੇ! ਤਦ ਤਾ ਆਪ ਦਾ ਸ਼ਸਤ੍ਰ-ਪ੍ਰੇਮ ਹੀ ਦਰਸ਼ਨਾਂ ਦਾ ਕਾਰਨ ਹੋਇਆ ਹੈ।

ਨਿਹੰਗ ਸਿੰਘ–(ਵਾਹਵਾ ਆਖਿ) ਹਾਂ ਭਾਈ ਗੁਰਮੁਖਾ! ਖਾਲਸੇ ਦਾ ਖਜ਼ਾਨਾ ਸਵਾ ਲਖ ਦਮੜੇ ਨਾਲ ਭਰਪੂਰ ਹੈ। ਬਸ ਸ੍ਰੀ ਸਾਹਿਬ ਦੀ ਸੇਵਾ ਕਰਵਾਉਣੀ ਹੈ ਜ਼ਰੂਰ।

ਗੁਰਮੁਖ ਸਿੰਘ–'ਧੰਨ ਭਾਗ, ਜੀਉ ਆਇਆਂ ਨੂੰ, ਆਓ ਦਰਸ਼ਨ ਦਿਓ' ਆਖ ਕ ਨਿਹੰਗ ਸਿੰਘ ਨੂੰ ਅੰਦਰ ਲੈ ਗਿਆ। ਅਗੇ ਨਿੱਕਾ ਜੇਹਾ ਵਿਹੜਾ ਲੰਘ ਛਤੜੇ ਹੇਠਾਂ ਦੋਵੇਂ ਜਣੇ ਜਾ ਬੈਠੇ।

ਗੁਰਮੁਖ ਸਿੰਘ ਨੇ 'ਕੇਹਰੀ! ਕੇਹਰੀ!' ਆਖਕੇ ਆਪਣੀ ਸਿੰਘਣੀ ਨੂੰ ਆਵਾਜ਼ ਮਾਰੀ। ਉਸ ਦਾ ਅਸਲ ਨਾਮ ਤਾਂ ਸ਼ੇਰ ਕੌਰ ਸੀ, ਪਰ ਗੁਰਮੁਖ ਸਿੰਘ ਪਿਆਰ ਨਾਲ 'ਕੇਹਰੀ ਜਾਂ 'ਕੇਹਰ' ਕਰਕੇ ਹੀ ਬੁਲਾਉਂਦਾ ਹੁੰਦਾ ਸੀ; ਤੇ ਉਹ ਸੀ ਵੀ ਸ਼ੇਰਨੀ ਵਰਗੀ ਹੀ ਅਡੋ, ਬਲਵਾਨ ਤੇ ਜਵਾਨ ਜ਼ਨਾਨੀ।

ਸ਼ੇਰ ਕੌਰ ਨੇ ਆਉਂਦਿਆਂ ਹੀ ਹਥ ਜੋੜ ਫਤੇ ਗਜਾਈ, ਗੁਰਮੁਖ ਸਿੰਘ ਨੇ ਲੱਸੀ ਲਿਆਉਣ ਲਈ ਕਿਹਾ। ਪਲੋ ਪਲੀ ਵਿਚ ਦੋ ਕਟੋਰਿਆਂ ਵਿਚ ਦਹੀਂ ਪਾਈ, ਇਕ ਇਕ ਮੱਕੀ ਦੀ ਰੋਟੀ ਤੇ ਉਪਰ ਕਲਕੱਤੇ ਦੇ ਬਾਘ ਬਾਜ਼ਾਰ ਦੇ ਦੁਆਨੀ ਦੇ ਰਸਗੁਲੇ ਜੋੜਾ ੨ ਮਖਣ ਦਾ ਪੇੜਾ ਲੈਕੇ ਆਈ। ਆਪਣੇ ਪਤੀ ਤੇ ਨਿਹੰਗ ਸਿੰਘ ਅਗੇ ਰਖ ਕੇ ਮੁੜਿ ਅੰਦਰ ਗਈ ਤੇ ਦੋ ਡਕਾ ਡਕ ਭਰੇ ਡੇਢ ਡੇਢ ਸੇਰ ਪਕੇ ਲੱਸੀ ਦੇ ਕਟੋਰੇ ਲੈਕੇ ਮੁੜੀ।

ਭਾਈ ਗੁਰਮੁਖ ਸਿੰਘ ਸਿਕਲ ਦਾ ਕੰਮ ਕਰਨ ਵਿਚ ਮਸ਼ਹੂਰ ਸੀ। ਦੂਰੋਂ ਦੂਰੋਂ ਰਾਜਿਆਂ ਮਹਾਰਾਜਿਆਂ ਦੀਆਂ ਤਲਵਾਰਾਂ ਇਸ ਪਾਸ ਨਿਕਲ ਤੇ ਸਿਕਲ ਕਰਨ ਵਾਸਤੇ ਆਇਆ ਕਰਦੀਆਂ ਸਨ। ਇਹ ਅਤੀ ਨਿਰਮਾਣ ਤੇ ਪੂਰਾ ਗੁਰਮੁਖ ਸਿੰਘ ਸੀ। ਇਸ ਦੀ ਰਹਿਣੀ ਸਿਾਦੀ, ਕਹਿਣੀ ਪੱਕੀ ਅਟਲ, ਅਤੇ ਬਹਿਣੀ ਪੂਰਾ ਗੁਰਮੁਖੀ ਸੀ।

ਪ੍ਰਸ਼ਾਦ ਛਕਿ, ਚੁਲਾ ਕਰ ਚੁਕਣ ਪਿਛੋਂ ਗੁਰਮੁਖ ਸਿੰਘ ਨੇ ਠੀਹਾ (ਕੰਮ ਕਰਨ ਦਾ ਅੱਡਾ) ਝਾੜਿਆ, ਛਿੜਕਿਆ ਤੇ ਸੰਦ ਕੱਢਕੇ ਠੀਕ ਠਾਕ ਕੀਤੇ ਤੇ ਬੋਲਿਆ—ਹਾਂ ਨਿਹੰਗ ਸਿੰਘ ਜੀ ਹੁਣ ਹੁਕਮ ਕਰੋ।

ਨਿਹੰਗ ਸਿੰਘ—ਸਤਿਗੁਰੂ ਦਿਆ ਸਵਾਰਿਆ! ਗੁਰਮੁਖ ਪਿਆਰਿਆ!! ਪੰਥ ਦਿਆ ਅਦੁਤੀ ਸਿਤਾਰਿਆ! ਦਸ਼ਮੇਸ਼ ਪਿਤਾ ਦਿਆ ਲਾਡਲਿਆ ਦੁਲਾਰਿਆ!! ਤੂੰ ਧੰਨ ਹੈਂ। ਸਫਲ ਹੈ ਤੇਰਾ ਜੀਵਣ, ਤੇ ਧੰਨ ਹੈ ਤੇਰੀ ਜਨਨੀ, ਸੁਭਾਗ ਕੁਖ ਵਾਲੀ ਮਾਈ, ਗੁਰਮੁਖ ਪਿਆਰਿਆ ਗੁਰਮੁਖ ਸਿੰਘਾ! ਸਚ ਮੁਚ ਹੀ ਕਲਗੀਧਰ ਚਿੱਟੇ ਬਾਜਾਂ ਵਾਲੇ ਸਚੇ ਪਾਤਸ਼ਾਹ ਦੀਆਂ ਰਾਮਗੜ੍ਹੀਆਂ (ਰਾਮਗੜ੍ਹ ਕਿਲੇ ਵਿਚ ਵਸਣ ਕਰਕੇ ਰਾਮਗੜ੍ਹੀਏ ਪਦਵੀ ਪ੍ਰਾਪਤ ਕਰਨ ਵਾਲੇ) ਉੱਤੇ ਅਮ੍ਰਿਤ ਬਖਸ਼ਿਸ਼ਾਂ ਤੇ ਅਟੁਟ ਮਿਹਰਾਂ ਹਨ। ਰਾਮਗੜ੍ਹੀਏ ਪੰਥ ਦੀ ਜਿੰਦ ਜਾਨ ਹਨ।

ਗੁਰਮੁਖ ਸਿੰਘ—(ਨਿਮ੍ਰਤਾ ਨਾਲ) ਵਾਹਿਗੁਰੂ! ਵਾਹਿਗੁਰੂ!! ਵਾਹਿਗੁਰੂ!!! ਧੰਨ ਗੁਰਸਿਖ ਤੇ ਧੰਨ ਮੇਰੇ ਪ੍ਰੀਤਮ ਪਿਆਰੇ ਸਤਿਗੁਰੂ ਬਾਜਾਂ ਵਾਲੇ ਦੀ ਸਿਖੀ।

ਨਿਹੰਗ ਸਿੰਘ—ਨਾ ਬਣੀ ਗੁਰਮੁਖਾ। ਮੈਂ ਕੁਝ ਵਡਿਆਈ

ਜੋਂ ਨਹੀਂ ਆਖਦਾ ਖਾਲਸੇ ਦਾ ਕੰਮ ਝੂਠੀ ਖੁਸ਼ਾਮਦ ਕਰਨਾ ਨਹੀਂ।
ਆਪਾਂ ਗੁਰਮੁਖ ਭਰਾ ਹਾਂ, ਪਰ ਸਜਣਾ! ਤੂੰ ਤੂੰ ਹੀ ਹੈਂ ਤੇ ਮੈਂ ਮੈਂ ਹੀ।
ਸ਼ਸਤ੍ਰ ਸਜਾ ਸਜਾ ਕੇ ਗੁਰੂ ਪੰਥ ਦੀਆਂ ਖੁਸ਼ੀਆਂ ਜੋ ਲੈਣੀਆਂ ਹਨ,
ਉਹ ਮੇਰੇ ਭਾਗੀਂ ਕਿਥੇ? ਗੁਰਮੁਖ ਪਿਆਰਿਆ! ਸ਼ਸਤ੍ਰ ਖਾਲਸੇ ਦੀ
ਜਾਨ ਹਨ। ਵਾਕ ਹੈ:—

ਅਸਿ ਕ੍ਰਿਪਾਨ ਖੰਡੋ ਖੜਗ, ਤੁਬਕ ਤਬਕ ਅਰੁ ਤੀਰ।
ਸੈਫ ਸਰੋਹੀ ਸੈਹਥੀ, ਯਿਹੀ ਹਮਾਰੇ ਪੀਰ।

ਤੇ ਤੁਸੀਂ ਸ਼ਸਤ੍ਰਾਂ ਦੇ ਪ੍ਰਾਣ ਹੋ। ਵੰਨ ਸੁਵੰਨੇ ਸ਼ਸਤ੍ਰ ਸਜੌਣਾ,
ਇਹ ਤੇਰੇ ਜੇਹੇ ਗੁਰਮੁਖ ਪਿਆਰੇ ਪ੍ਰੇਮੀਆਂ ਦਾ ਹੀ ਕੰਮ ਹੈ। ਇਸ
ਲਈ ਪ੍ਰੇਮੀਆਂ ਤੂੰ ਧੰਨ ਹੈਂ, ਤੇ ਸਤਿਗੁਰੂ ਮਹਾਰਾਜ ਤੁਹਾਡੇ ਤੇ ਅਤੀ
ਪ੍ਰਸੰਨ ਹਨ।

ਗੁਰਮੁਖ ਸਿੰਘ—ਨਿਹੰਗ ਸਿੰਘ ਜੀ! ਇਹ ਸਤਿਗੁਰੂ ਦ
ਬਖ਼ਸ਼ੀ ਹੋਈ ਦਾਤ ਹੈ। ਇਸ ਪਰ ਗਰਬ ਕਰਨ ਦੀ ਲੋੜ ਨਹੀ
(ਗਲ ਕਟਕੇ) ਹਾਂ ਹੁਕਮ ਕਰੋ ਫੇਰ।

'ਖਗ ਖੰਡ ਬਿਹੰਡੰ ਖਲ ਦਲ ਖੰਡੰ
ਅਤ ਰਣ ਮੰਡੰ ਬਰ ਬੰਡੰ।
ਭੁਜਦੰਡ ਅਖੰਡੰ ਤੇਜ ਪ੍ਰਚੰਡੰ,
ਜੋਤਿ ਅਮੰਡੰ ਭਾਨ ਪ੍ਰਭੰ
ਸੁਖ ਸੰਤਾਂ ਕਰਣੰ, ਦੁਰਮਤ ਦਰਣੰ,
ਕਿਲ ਬਿਖ ਹਰਣੰ ਅਸਿ ਸਰਣੰ।
ਜੈ ਜੈ ਜਗ ਕਾਰਣ ਸ੍ਰਿਸ਼ਟਿ ਉਬਾਰਣ
ਮਮ ਪ੍ਰਤਿਪਾਰਣ ਜੈ ਤੇਗੰ।'

ਆਖਦੇ ਹੋਏ ਨਿਹੰਗ ਸਿੰਘ ਨੇ ਸ੍ਰੀ ਸਾਹਿਬ ਨੂੰ ਮਿਆਨ ਵਿ
ਬਾਹਰ ਧੂਹਿਆ ਤੇ ਬੋਲਿਆ:—

'ਸਤਿਗੁਰੂ ਦਿਆ ਸਵਾਰਿਆ ! ਗੁਰਮੁਖ ਪਿਆਰਿਆ
ਗੁਰਪੁਰਵ ਹੈ ਤਰਸੋਂ ਨੂੰ। ਅਨੰਦ ਪੁਰ ਸਾਹਿਬ ਪੁਜਕੇ ਖਾਲਸੇ
ਕਰਨੀਆਂ ਹਨ ਸਤਿਗੁਰੂ ਮਹਾਰਾਜ ਤੇ ਗੁਰੂ ਪੰਥ ਤੋਂ ਖੁਸ਼ੀਆ
ਪ੍ਰਾਪਤਿ, ਇਸੇ ਲਈ ਖਾਲਸਾ ਸ੍ਰੀ ਸਾਹਿਬ ਦੀ ਸੇਵਾ ਕਰਾਉਣ ਲਈ
ਧਾਈ ਕਰਕੇ ਏਥੇ ਪੁਜਾ ਹੈ।'

ਗੁਰਮੁਖ ਸਿੰਘ ਸ੍ਰੀ ਸਾਹਿਬ ਨੂੰ ਫੜਦਾ ਹੋਇਆ "ਧੰਨ
ਭਾਗ ਲਿਆਓ ਪਹਿਲਾਂ ਆਪ ਦਾ ਹੀ ਕਾਰਜ ਕਰੀਏ" ਆਖ ਨੂੰ
ਧਾਰ ਲੌਣ ਲਗ ਪਿਆ।

ਨਿਹੰਗ ਸਿੰਘ ਧਾਰ ਲਗਦੀ ਨੂੰ ਬੜੇ ਗਹੁ ਨਾਲ ਤਕਦਾ
ਤੇ ਮੁੜ ਮੁੜ ਰਾਮਗੜ੍ਹੀਆਂ ਨੂੰ 'ਵਾਹ ਵਾਹ' ਕਹਿ ਰਿਹਾ ਸੀ, ਗੁਰਮੁਖ
ਸਿੰਘ ਨੇ ਧਾਰ ਲਾਕੇ ਹਥ ਫੜਾਈ ਤੇ ਰੁਪਏ ਵਿਚੋਂ ਵੀ ਬਾਰਾਂ ਆਨੇ
ਮੋੜ ਦਿਤੇ। ਅਰਥਾਤ ਕੇਵਲ ਚਾਰ ਆਨੇ ਮਜ਼ੂਰੀ ਲਈ।

ਨਿਹੰਗ ਸਿੰਘ ਬਾਰਾਂ ਆਨੇ ਬੋਝੇ ਵਿਚ ਪਾ, ਸ੍ਰੀ ਸਾਹਿਬ
ਫੜੀ, ਧਾਰ ਵਲ ਨੀਝ ਲਾਈ ਖੜਾ ਤਕ ਰਿਹਾ ਸੀ। ਕੁਛਕੁ
ਚਿਰ ਪਿਛੋਂ ਬੋਲਿਆ।

'ਗੁਰਮੁਖ ਸਿੰਘ ! ਗੁਰੂ ਸਵਾਰਿਆ !! ਬਈ ਇਸ ਤੋਂ ਹੋਰ
ਸੁਹਣੀ ਧਾਰ ਵੀ ਲਗ ਸਕਦੀ ਹੈ।

ਗੁਰਮੁਖ ਸਿੰਘ—ਕਿਉਂ ਨਹੀਂ ? ਨਿਹੰਗ ਸਿੰਘ ਜੀ ! ਜਿੱਨਾਂ
ਗੁੜ ਪਾਈਏ ਓਨਾਂ ਹੀ ਮਿਠਾ ਹੋਵੇਗਾ।

ਨਿਹੰਗ ਸਿੰਘ–(ਸ੍ਰੀ ਸਾਹਿਬ ਗੁਰਮੁਖ ਸਿੰਘ ਨੂੰ ਫੜਾਉਂਦਾ ਹੋਇਆ) ਤਦ ਫੇਰ ਗੁਰਮੁਖਾ ! ਇਕ ਪੌਲੀ (ਚੁਆਨੀ) ਦੀ ਹੋਰ ਲਾ ਦੇ। ਗੁਰਮੁਖ ਸਿੰਘ ਨੇ ਬੜੀ ਅਛੀ ਤਰਾਂ ਹੋਰ ਲੰਮਾ ਪਠਾ ਕਢਕੇ ਹੋਰ ਵੀ ਮੱਠੀ ਸਾਣ ਤੇ ਧਾਰ ਲਾ, ਪਲੋ ਪਲੀ ਵਿਚ ਫੇਰਿ ਹਥ ਫੜਾਈ ਤੇ ਚੁਆਨੀ ਸੰਦੂਕੜੀ ਵਿਚ ਪਾਈ।

ਨਿਹੰਗ ਸਿੰਘ ਸ੍ਰੀ ਸਾਹਿਬ ਨੂੰ ਦੇਖ ਦੇਖਿ ਅਨੰਦ ਹੋ ਰਿਹਾ ਸੀ, ਪਰ ਲੋਭੀ ਦਿਲ ਵਾਂਗ ਅਜੇ ਮਨ ਨਾ ਸੀ ਭਰਿਆ। ਦੋ ਕਦਮ ਤੁਰਕੇ ਫੇਰ ਖੜੋ ਗਿਆ ਤੇ ਬੋਲਿਆ–'ਗੁਰੂ ਦਿਆ ਲਾਲਾ ! ਤੇਰੇ ਉਤੇ ਗੁਰੂ ਦੀਆਂ ਅਪਾਰ ਖੁਸ਼ੀਆਂ ਹਨ। ਭਲਾ ਬਈ ਇਸ ਨਾਲੋਂ ਹੋਰ ਵੀ ਅਛੀ ਧਾਰ ਲਗ ਸਕਦੀ ਹੈ ?

ਗੁਰਮੁਖ ਸਿੰਘ–'ਜ਼ਰੂਰ।'

ਨਿਹੰਗ ਸਿੰਘ–(ਬੋਝਿਓਂ ਇਕ ਹੋਰ ਚੁਆਨੀ ਕਢਕੇ) ਆਹ ਲੈ ਇਕ ਹੋਰ ਪੌਲੀ ਤੇ ਬਣਾ ਦੇ ਕਾਲ ਦੀ ਜੀਭ ਜੇਹੀ।

ਗੁਰਮੁਖ ਸਿੰਘ ਨੇ ਹੋਰ ਵੀ ਸਵਾਰ ਕੇ ਧਾਰ ਲਾਈ ਤੇ ਸਿਕਲ ਚੜਾਈ। ਪਰ ਨਿਹੰਗ ਸਿੰਘ ਦੀ ਇਛਾ ਅਜੇ ਇਸ ਤੋਂ ਵੀ ਅਗੇਰੇ ਸੀ। ਉਸਦੀ ਚਾਹ ਅਜੇ ਪੂਰੀ ਨਾ ਸੀ ਹੋਈ। ਚਿਤ ਭਰਿਆ ਨਾ ਸੀ। ਵਿਹੜਾ ਲੰਘਿ, ਬਾਹਰਲੇ ਬੂਹੇ ਵਿਰ ਖੜਾ ਨਿਹੰਗ ਸਿੰਘ ਸ੍ਰੀ ਸਾਹਿਬ ਵਲ ਦੇਖ ਰਿਹਾ ਤੇ ਮਨ ਹੀ ਮਨ ਵਿਚ ਆਖ ਰਿਹਾ ਸੀ ਕਿ 'ਕੀ ਇਸ ਤੋਂ ਵੀ ਅਛੀ ਬਣ ਸਕਦੀ ਹੈ ? ਕਿ ਗੁਰਮੁਖ ਸਿੰਘ ਨੇ ਆਵਾਜ਼ ਮਾਰੀ ਤੇ ਪੁਛਿਆ–'ਨਿਹੰਗ ਸਿੰਘ ਜੀ ! ਕੀ ਇਸ ਤੋਂ ਵੀ ਵਧੀਕ ਅਛੀ ਬੁਣਵਾਉਣ ਦੀ ਇਛਾ ਹੈ ?'

ਨਿਹੰਗ ਸਿੰਘ ਮਾਰੇ ਖੁਸ਼ੀ ਦੇ ਉਛਲ ਪਿਆ। ਬੋਲ ਸੁਣਦਿਆਂ

ਹੀ ਪਿਛਾਂ ਮੁੜ ਪਿਆ ਤੇ ਕੋਲ ਆਕੇ ਬੋਲਿਆ—'ਗੁਰਮੁਖਾ ! ਕੀ ਅਜੇ ਇਸ ਤੋਂ ਵੀ ਵਧੀਕ ਹੋਰ ਸੁਹਣੀ ਇਸਦੀ ਧਾਰ ਹੋ ਸਕਦੀ ਹੈ ?'

ਗੁਰਮੁਖ ਸਿੰਘ—ਹਾਂ, ਹੋ ਸਕਦੀ ਹੈ। ਤੇ ਜ਼ਰੂਰ ਹੋ ਸਕਦੀ ਹੈ। ਅਜੇਹੀ ਹੋ ਸਕਦੀ ਹੈ ਕਿ ਬਸ ਕਹਿਣ ਦੀ ਗਲ ਨਹੀਂ।

ਨਿਹੰਗ ਸਿੰਘ (ਚੋਥੀ ਪੋਲੀ ਫੜਾਕੇ) ਆਹ ਲੈ ਪਿਛਾੜੀ ਦੀ ਪੋਲੀ। ਤੇ ਗੁਰਮੁਖਾ ! ਬਣਾ ਦੇ ਹੱਦ ਦਾ ਸਿਰਾ। ਪਰ ਬਈ ਸਜਣਾ ! ਖਾਲਸੇ ਨੇ ਅਜ਼ਮਾ ਲੈਣੀ ਏ ਜ਼ਰੂਰ। ਜੇ ਹੋਈ ਜ਼ਰਾ ਵੀ ਕਸਰ, ਤਾਂ ਤੂੰ ਹੋਵੇਂਗਾ ਗੁਰੂ ਦਾ ਦੇਣਦਾਰ।

ਗੁਰਮੁਖ ਸਿੰਘ—ਬੇਸ਼ਕ ਅਜ਼ਮਾਓ। ਨਿਹੰਗ ਸਿੰਘ ਜੀ ! ਅਠ ਪਹਿਰ ਅਖੰਡ ਵਾਹੀ ਜਾਓ, ਆਹੂ ਲਾਹੀ ਜਾਓ, ਜੇ ਫੇਰ ਵੀ ਲਹੂ ਦੀ ਬੂੰਦ ਧਾਰ ਨੂੰ ਲਗ ਗਈ ਤਾਂ ਕੌਡੀ ਇਕ ਨਾ ਲੈਣੀ, ਤੇ ਤੁਹਾਨੂੰ ਇਕ ਨਵੀਂ ਸ੍ਰੀ ਸਾਹਿਬ ਦੇਣੀ, ਜੋ ਸਾਧਾਰਨ ਵਾਹੀ ਹੋਈ ਵੀ ਖੱਖੜੀ ਵਾਂਗ ਸੂਰ ਦੀ ਧੌਣੋ ਪਾਰ ਨਾ ਗਈ ਤਾਂ ਧਾਰ ਹੀ ਕਿਉਂ ਲਾਉਣੀ ? ਤੇ ਜੇ ਬੂੰਦ ਲਹੂ ਦੀ ਲਗ ਗਈ ਤਾਂ ਸ਼ਾਣੇ ਹੀ ਕਿਉਂ ਚੜਾਉਣੀ ? ਨਾਲੇ ਨਿਹੰਗ ਸਿੰਘ ਜੀ ! ਤੁਸੀਂ ਕਿਹੜਾ ਨਿਤ ਨਿਤ ਆਉਣਾ ਜੇ ! ਲਿਆਓ ਇਕ ਵਾਰ ਮੈਂ ਵੀ ਰੀਝ ਤੇ ਚਾਉ ਲਾਹ ਲਵਾਂ।

ਬਸ ਹੁਣ ਕੀ ਸੀ, ਗੁਰਮੁਖ ਸਿੰਘ ਨੇ ਮੁਠ ਤੋਂ ਲੈਕੇ ਪਿਛਲੇ ਦੀ ਨੋਕ ਤਕ ਸਿਕਲ ਕਰ ਸਿਟਿਆ। ਗ਼ਾਲਤ ਨੂੰ ਹੋਰ ਰੇਵ ਕਰਕੇ ਨਾਲ ਮਿਲਾ ਦਿਤਾ ਤੇ ਬਿਜਲੀ ਜੇਹੀ, ਅੱਖ ਨਾ ਟਿਕਣ ਵਾਲੀ ਚਮਕੀਲੀ ਬਣਾ, ਹਥ ਫੜਾਈ।

ਸਿਆਲ ਦਾ ਸੂਰਜ ਵੀ ਤਾਂ ਪਾਲੇ ਦੇ ਮਾਰੇ ਮਿਰਾਸੀ ਵਾਂਗ ਕਿਤੇ ਅੱਧੇ ਦਿਨ ਜਾਕੇ ਮੂੰਹ ਦਿਖਾਲਦਾ ਹੈ। ਹੁਣ ਭਾਵੇਂ ਟਿੱਕਰੀ ਨਿਕਲ ਚੁਕੀ ਸੀ, ਰੁਖਾਂ ਦੀਆਂ ਟੀਸੀਆਂ ਤੇ ਉਚੀਆਂ ੨ ਕੰਧਾਂ ਤੇ, ਸੌਣ ਭਾਦਰੋਂ ਦਾ ਕਮਾਦ ਗੁੱਡ ਕੇ ਕੰਮ ਦੇ ਕੀੜੇ ਧੱਕੇ ਦੇ ਮਾਰੇ ਸ਼ਹਿਰੀਆਂ ਦੇ ਰੰਗ ਵਰਗੀ ਪੀਲੀ ਧੁੱਪ ਵਧ ਰਹੀ ਸੀ। ਕਤੂਰੇ ਭਠੀਆਂ ਖੋਲ੍ਹਿਆਂ ਵਿਚੋਂ ਨਿਕਲ ਨਿਕਲ ਸੀਏ ਬੈਠ ਰਹੇ ਸਨ। ਕਿਸੇ ਕਿਸੇ ਘਰ ਤਾਂ ਸ਼ਾਹ ਵੇਲੇ ਦੀਆਂ ਰੋਟੀਆਂ ਪੱਕਣ ਦਾ ਵੀ ਆਹਰ ਹੋ ਰਿਹਾ ਸੀ। ਪਰ ਕਈ ਬੁਢੀਆਂ ਅਜੇ ਦੁੱਧ ਹੀ ਰਿੜਕ ਰਹੀਆਂ ਸਨ। ਚੱਕੀ ਦੀ ਘਮਕਾਰ ਵੀ ਅਜੇ ਕਿਸੇ ਕਿਸੇ ਘਰੋਂ ਆ ਰਹੀ ਸੀ। ਬਹੁਤ ਤਾਂ ਅਜੇ ਪਏ ਹੀ.....ਵਟ ਦੇ ਰਹੇ ਸਨ, ਪਰ ਕੋਈ ਕੋਈ ਉਦਮੀ ਨਿਆਣਾ ਖਣਾ ਹੀ ਅਖਾਂ ਮਲਦਾ ਤੇ ਮੂਤ ਰਿਹਾ ਸੀ। ਕਿਸਾਣਾਂ ਨੇ ਅਜੇਹੇ ਕਟਕ ਦੇ ਪਾਲੇ ਵਿਚ ਵੀ ਹੁਣ ਤਾਂਈਂ ਦੋ ਦੋ ਕਨਾਲ ਥਾਂ ਸਿੰਜ ਲਿਆ ਸੀ, ਤੇ ਹਾਲੀਆਂ ਨੇ ਚੋਖਾ ਥਾਂ ਵਾਹ ਲਿਆ ਸੀ।

ਸ਼ਹਿਰੋਂ ਥੋੜੀ ਵਿਥ ਤੇ ਕਲਕਤਿਓਂ ਪੇਸ਼ਾਵਰ ਨੂੰ ਜਾ ਰਹੀ ਜਰਨੈਲੀ ਸੜਕ ਤੇ ਨਿਹੰਗ ਸਿੰਘ ਨੰਗੀ ਕ੍ਰਿਪਾਨ (ਸ੍ਰੀ ਸਾਹਿਬ) ਫੜੀ ਉਸ ਵਲ ਦੇਖ ਦੇਖਿ ਮਣੀ ਤੇ ਮਸਤ ਨਾਗ ਵਾਂਗ ਖੀਵਾ, ਮੋਰ ਵਾਂਗ ਪੈਲਾਂ ਪਾਉਂਦਾ ਆਪਣੇ ਹੀ ਰੰਗ ਰਤਾ ਜਾ ਰਿਹਾ ਸੀ। ਐਸ ਵੇਲੇ ਇਸ ਦੇ ਮਨ ਦੀ ਖੁਸ਼ੀ ਨੂੰ ਕੌਣ ਵਰਣਨ ਕਰ ਸਕਦਾ ਹੈ ?

ਜਿਵੇਂ ਸਪ ਮਣੀ ਵਲ ਦੇਖ ਦੇਖਿ ਮੇਲ੍ਹਦਾ ਤੇ ਚਕੋਰ ਚੰਦ ਵਲ ਨਜ਼ਰ ਲਾਈ ਅਖੰਡ ਦੇਖਦਾ ਰਹਿੰਦਾ ਹੈ, ਜਿਵੇਂ ਲੋਭੀ ਮਾਇਆ ਧਾਰੀ ਨੂੰ ਅਮਿਤ ਮਾਇਆ ਦੇ ਢੇਰ ਦੇਖਕੇ ਪਰਸੰਤਾ ਪ੍ਰਾਪਤ ਹੁੰਦਾ

ਹੈ, ਤਿਵੇਂ ਹੀ ਅਜ ਇਸ ਨਿਹੰਗ ਸਿੰਘ ਦੀ ਹਾਲਤ ਸੀ। ਮਨ ਦੀਆਂ ਖੁਸ਼ੀਆਂ ਬਿਹੱਦਤਾ ਵਿਚ ਵਿਲੀਨ ਹੋ ਗਈਆਂ ਸਨ, ਤੁਰਾ ਬੇ-ਖੁਦ ਜਿਹਾ ਮਸਤਾਨਾ ਸ੍ਰੀ ਸਾਹਿਬ ਵਲਿ ਨਜ਼ਰ ਲਾਈ ਠੁਮਕ ਠੁਮਕ ਨਚਦਾ, ਸੜਕ ਦੇ ਵਿਚਕਾਰ ਜਾ ਰਿਹਾ ਸੀ। ਕੋਲਵਾਰ ਇਕ ਖੂਹ ਵਗ ਰਿਹਾ ਸੀ, ਪਰ ਉਸ ਦੀ ਚੀਂ ਚੀਂ ਦੀ ਆਵਾਜ਼ ਦੀ ਇਸ ਨੂੰ ਖਬਰ ਵੀ ਨਾ ਸੀ। ਇਕ ਤਾਂ ਉਂਵ ਹੀ ਸਵੇਰਾ ਸੀ, ਪਰ ਉਪਰੋਂ ਧੁੰਧ ਨੇ ਪੈਕੇ ਹੋਰ ਵੀ ਅਨ੍ਹੇਰਾ ਕੀਤਾ ਹੋਇਆ ਸੀ। ਨਿਹੰਗ ਸਿੰਘ ਆਪਣੇ ਧਿਆਨ ਮਗਨ ਸੀ ਕਿ ਅਚਾਨਕ ਹੀ ਇਕ ਗਧੇ ਵਿਚ ਲਗਕੇ ਉਸ ਦੀ ਅੱਖ ਖੁਲ੍ਹੀ, ਦੇਖਿਆ ਤਾਂ ਗਧਿਆਂ ਦੀ ਫੌਜ ਦੇ ਵਿਚਕਾਰ ਘਿਰਿਆ ਹੋਇਆ ਸੀ। ਬਸ ਝਟ ਛਾਲ ਮਾਰਕੇ ਸੜਕ ਦੇ ਸਿਰੇ ਹੋ, ਪੈਂਤੜਾ ਬਦਲਿ ਨਿਹੰਗ ਸਿੰਘ ਨੇ ਸ੍ਰੀ ਸਾਹਿਬ ਦਾ ਇਕ ਤੁਲਵਾਂ ਵਾਰ ਕੀਤਾ। ਤੇ ਅਖ ਦੇ ਫੋਰੇ ਵਿਚ ਗਧਾ ਸਣੇ ਗੁਣ ਦੇ ਦੋ ਟੁਕ ਹੋਕੇ ਡਿਗ ਪਿਆ। ਪਰ ਤਲਵਾਰ ਨੂੰ ਲਹੂ ਦੀ ਬੂੰਦ ਤਕ ਨਾ ਲਗੀ। ਐਨ ਸੁਕੀ ਦੀ ਸੁਕੀ ਪਈ ਸੀ। ਸ੍ਰੀ ਸਾਹਿਬ ਵਲ ਦੇਖਿ ਅਜੇ "ਵਾਹਵਾ ! ਬਲਿਹਾਰ ! ਗੁਰਮੁਖ ! ਬਲਿਹਾਰ ! ਸਫਲ ਕਮਾਈ ਪਿਆਰਿਆ ! ਗੁਰੂ ਤੈਨੂੰ ਪ੍ਰਸੰਨ ਰਖੇ, ਬਾਜਾਂਵਾਲਾ ਸਚਾਪਾਤਸ਼ਾਹ ਤੈਨੂੰ ਇਸ ਤੋਂ ਵੀ ਚੌਗੁਣਾ, ਸੌ ਗੁਣਾ ਸ਼ਸਤ੍ਰ ਪ੍ਰੇਮ ਬਖਸ਼ੇ।" ਆਖ ਹੀ ਰਿਹਾ ਸੀ ਕਿ ਪਿਛੋਂ ਚਾਰ ਪੰਜ ਪ੍ਰਜਾਪਤਿ (ਕੁਮ੍ਹਾਰ) ਹਾਲ ਦੁਹਾਈ ਮਚਾਉਂਦੇ, ਲੰਮੇ ਲੰਮੇ ਵੰਝ ਲਈ ਆ ਦੁਆਲੇ ਹੋਏ, ਪਰ ਝਟ ਹੀ ਨੰਗੀ ਸ੍ਰੀ ਸਾਹਿਬ ਨੂੰ ਦੇਖਿ ਬਾਂਸ ਸਿਟਕੇ ਭਜੇ। ਨਾਲ ਹੀ ਸੋਕੁ ਰਜ ਤੇ ਪੁਲਿਸ ਦੀ ਚੌਕੀ ਸੀ। ਕੁਮ੍ਹਾਰਾਂ ਦੀ ਪੁਕਾਰ ਸੁਣ ਝਟ ਹੀ ਦੋ ਸਿਪਾਹੀ ਭੱਜੇ ਆਏ। ਪਰ ਅਗੇ ਯਮ ਰੂਪ ਧਾਰੀ ਖੜੇ ਸੂਰਮੇ ਨੂੰ ਦੇਖਿ ਠੰਡੇ ਹੋ ਮੁੜ ਗਏ। ਤੇ ਪਲੋ ਪਲੀ ਵਿਚ ਇਕ ਹੌਲਦਾਰ ਤੇ ਪੰਜ ਤਲਵਰੀਏ ਸਿਪਾਹੀ ਨਿਹੰਗ ਸਿੰਘ ਵਲ ਵਧੇ। ਓਹ ਛਾਲ ਮਾਰਿ ਸੜਕੋਂ ਪਾਰ ਵਾਰ ਇਕ ਪੁਰਾਣੀ ਪੱਕੀ ਕੰਧ ਨਾਲ

ਪਿਠ ਲਾ ਡਟ ਗਿਆ। ਹਥ ਵਿਚ ਸ੍ਰੀ ਸਾਹਿਬ, ਜਿਸ ਉਤੇ ਖਾਲਸੇ ਨੂੰ ਰਬ ਜੇਹਾ ਭਰੋਸਾ, ਕੰਧ ਨਾਲ ਪਿਠ ਜੋੜਿ ਪਿਛਿਓਂ ਵਾਰ ਹੋਣ ਦਾ ਡਰ ਹੀ ਨਾ ਰਿਹਾ। ਹੁਣ ਖਾਲਸਾ ਜੀ ਨੂੰ ਕੀ ਡਰ ਸੀ? ਇਹ ਹੌਲਦਾਰ ਇਕ ਭਰਵਾਂ ਗਭਰੂ ਜੋਸ਼ੀਲਾ ਮੁਸਲਮਾਨ ਜਵਾਨ ਸੀ। ਪਹਿਲੇ ਦੂਰੋਂ ਹੀ ਨਸ ਗਏ ਦੋ ਸਿਪਾਹੀਆਂ ਦੀ ਗਲ ਸੁਣਿ, ਨਾ ਗਲ ਨਾ ਬਾਤ, ਨਾ ਹੀਲ ਨਾ ਹੁਜਤ, ਆਉਂਦਿਆਂ ਹੀ ਮੋਰਚਾ ਲਾ ਦਿਤਾ। ਏਧਰ ਕੋਈ ਮਾਰਵਾੜੀ ਬਾਣੀਆਂ ਤਾਂ ਹੈ ਹੀ ਨਾ ਸੀ। ਦੁਵੱਲਿਓਂ ਵਾਰ ਹੋਣੇ ਸ਼ੁਰੂ ਹੋ ਗਏ ਤੇ ਮਿੰਟਾਂ ਵਿਚ ਇਕ ਨੂੰ ਮਰਵਾ, ਇਕ ਨੂੰ ਸਖਤ ਜ਼ਖਮੀ ਸਿਟਿ, ਦੋ ਜ਼ਖਮੀ ਸਿਪਾਹੀਆਂ ਨਾਲ ਆਪ ਵੀ ਲੰਗੜਾਂਦਾ ਹਰਨ ਹੋ ਗਿਆ। ਸਰਦਾਰ ਸੂਰਜ ਸਿੰਘ ਕੋਤਵਾਲ ਪਾਸ ਜਾ ਹਾਲ ਦੁਹਾਈ ਮਚਾਈ ਤੇ ਰੌਲਾ ਪਾਇਆ।

ਸਰਦਾਰ ਹੁਰੀਂ ਬੜੇ ਠੰਡੇ ਸੁਭਾਓ ਵਾਲੇ ਤੇ ਗੁਰਮੁਖ ਸਮਝ ਦਾਰ ਸਿੰਘ ਸਨ। ਉਨ੍ਹਾਂ ਨੇ ਨੱਥੇ ਖਾਂ ਹੌਲਦਾਰ ਨੂੰ ਪੱਟੀ ਬੰਨ੍ਹਣ ਲਈ ਭੇਜਿ, ਨਾਲ ਦੇ ਮਿਹਰ ਦੀਨ ਸਿਪਾਹੀ ਨੂੰ ਕੋਲ ਬੁਲਾ ਪੁਛਿਆ ਕਿ ਅਸਲ ਗਲ ਕੀ ਏ?' ਮਿਹਰ ਦੀਨ ਨੇ ਥੋੜੀਆਂ ਹੀ ਮੋਟੀਆਂ ਮੋਟੀਆਂ ਗਲਾਂ ਵਿਚ ਸਾਰਾ ਕਿਸਾ ਇਉਂ ਕਹਿ ਸੁਣਾਇਆ:-

'ਸਰਦਾਰ ਜੀ ਖਾਨ ਹੁਰਾਂ ਦਾ ਸੁਭਾਉ, ਤਾਂ ਤੁਸੀਂ ਜਾਣਦੇ ਹੀ ਹੋ! ਮੂਲੋਂ ੨ ਗਲ ਤੋਂ ਆਪਿਓਂ ਬਾਹਰ ਹੋ ਤੁਰਦੇ ਹਨ। ਨਾ ਕਸੇ ਦੀ ਸੁਣਦੇ ਹਨ, ਨਾ ਵਾਸਤਾ। ਮੈਂ ਬਥੇਰਾ ਕਿਹਾ 'ਫਸਾਦ ਨਾ ਵਧਾਓ, ਮੈਂ ਇਕੱਲਾ ਹੀ ਮਾਮਲਾ ਸੁਲਝਾ ਦੇਉਂ ਪਰ ਇਨ੍ਹੀਂ ਇਕ ਨਾ ਮਨੀ। ਨਾ ਹੀਲ ਨਾ ਹੁਜਤ, ਦੂਰੋਂ ਹੀ ਚੁਕ ਹੱਲਾ ਬੋਲ ਦਿਤਾ। ਅਗੇ ਕੋਈ ਕਰਾੜ ਦਾ ਪੁਤ ਤਾਂ ਹੈ ਈ ਨਾ ਸੀ ਤੁਸੀਂ ਜਾਣਦੇ ਹੀ ਹੋ ਨਿਹੰਗ ਸਿੰਘ ਹੋਰੀਂ ਵੀ ਝਟ ਇਕ ਕੰਧ ਨਾਲ ਪਿਠ ਲਾ ਕੇ ਡਟ ਗਏ। ਖਟਾ ਖਟ ਵਾਰ ਹੋਣੇ ਸ਼ੁਰੂ ਹੋ ਗਏ। ਕੁਰਾਨ ਦੀ ਕਸਮ! ਸਰਦਾਰ ਜੀ-ਸਿੰਘ ਜੀ ਦੀ ਤਲਵਾਰ

ਬਿਜਲੀ ਵਾਂਗ ਲਗੀ ਫਿਰਨ । ਮੈਨੂੰ ਤਾਂ ਭੂਤਨਿਆਂ ਦੀ ਅੱ
ਪ੍ਰਤੀਤ ਹੋਈ। ਅਖ ਦੇ ਫੇਰ ਵਿਚ ਪੀਰ ਬਖਸ਼ ਤੇ ਤੁਲਸੀ ਨ
ਥਾਂ ਰਹੇ । ਝੰਡੂ ਤੇ ਦੇਵੀ ਦਾਸ ਦੇ ਵੀ ਕਾਰੀ ਜ਼ਖਮ ਲਗੇ
ਖਾਨ ਸਾਹਿਬ ਜੀ ਵੀ ਪਿੱਨੀ ਵਿਚ ਪਿਪਲਾ ਚੁਕਾ ਆਏ ਹਨ

ਕੁਤਵਾਲ–ਅਸਲ ਗਲ ਕਿਥੋਂ ਸ਼ੁਰੂ ਹੋਈ ?

ਸਿਪਾਹੀ–ਸ਼ੁਰੂ ਕੀ ਜੀ ! ਬਾਗਵਾਨਪੁਰੇ ਦੇ ਕੁਮ੍ਹਾਰ ਮੰਦ
ਨੂੰ ਗਧੇ ਲਈ ਆਉਂਦੇ ਸਨ । ਖਬਰ ਨਹੀਂ ਕੀ ਗਲ ਹੋਈ
ਰਾਹ ਵਿਚ ਨਿਹੰਗ ਸਿੰਘ ਨਾਲ ਝਗੜ ਪਏ। ਉਨ੍ਹੇ ਚੁਕ ਇ
ਗਧਾ ਵਢ ਸਿਟਿਆ । ਉਨ੍ਹਾਂ ਆ ਤੜਕੇ ਹੀ ਹੱਲ ਦੁਹਾ
ਪਾਈ । ਹੌਲਦਾਰ ਹੁਰੀਂ ਝਟਿ ਤੁਲਸੀ ਤੇ ਝੰਡੂ ਨੂੰ ਭੇਜ ਦਿਤਾ
ਉਹ ਦੂਰੋਂ ਹੀ ਕਿਤੇ ਨਿਹੰਗ ਸਿੰਘ ਨੂੰ ਦੇਖਕੇ ਭਜ ਆਏ,
ਆਕੇ ਲਗੇ ਊਲ ਜਲੂਲ ਬਕਣ 'ਜੀ ਇਕ ਸਿੰਘ ਤਲਵਾ
ਲਈ ਖੜਾ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾ ਰਿਹਾ
'ਜੈ ਤੇਰੀ ਜੈ ਤੇਰੀ' ਦੇ ਗੀਤ ਗਾ ਰਿਹਾ ਹੈ ਆਦਿਕ' ਖਾ
ਹੁਰੀਂ ਝਟ ਤਲਵਾਰਾਂ ਲੈਕੇ ਚੜ ਪਏ। ਇਹ ਜੇ ਸਾਰੀ ਗਲ ਬਾਤ।

ਸੂਰਜ ਸਿੰਘ–'ਖੈਰ ਕੋਈ ਨਹੀਂ' ਆਖਿ ਮਿਹਰਦੀਨ
ਗੁਰਦਿਆਲ ਸਿੰਘ ਨੂੰ ਨਾਲ ਲੈ ਘੋੜੇ ਤੇ ਚੜਿ ਘਟਨਾ ਸਥਾਨ
ਪੁਜਾ। ਦੂਰੋਂ ਹੀ ਡਿਠਾ ਕਿ ਨਿਹੰਗ ਸਿੰਘ ਡਿਗੇ ਪਏ ਜਖਮੀਆਂ ਦ
ਸੇਵਾ ਕਰ ਰਿਹਾ ਹੈ।

ਜਦ ਸਾਥੀ ਨੂੰ ਛਡਿ ਹੌਲਦਾਰ ਹੁਰੀਂ ਹਰਨ ਹੋ, ਮੈਦਾਨ ਖਾਲ
ਛਡ ਗਏ ਤਾਂ ਨਿਹੰਗ ਸਿੰਘ ਨੇ ਕੋਲਵਾਰ ਦੇ ਖੂਹੋਂ ਇਕ ਟਿੰਡ ਖੋਹਲ ਨ
ਲੈ ਆਂਦੀ, ਤੇ ਫਟੜਾਂ ਦੀ ਸੇਵਾ ਕਰਨ ਲਗਾ। ਤੁਲਸੀ ਤਾਂ ਚਲ
ਬਸਿਆ ਪਰ ਪੀਰ ਬਖਸ਼ ਪਾਣੀ ਪੀਕੇ ਹੋਸ਼ ਵਿਚ ਆ ਗਿਆ। ਹੁਣ

ਨਿਹੰਗ ਸਿੰਘ ਉਸਦੇ ਘਾਵਾਂ ਤੇ ਦਵਾਈ ਲਾ, ਪਟੀ ਬੰਨ੍ਹ ਰਿਹਾ ਸੀ। ਸਰਦਾਰ ਸੂਰਜ ਸਿੰਘ ਨੇ ਦੂਰੋਂ ਹੀ ਘੋੜੇ ਤੋਂ ਉਤਰਿ, ਘੋੜਾ ਤਾਂ ਮਿਹਰੂ ਨੂੰ ਫੜਾਇਆ ਤੇ ਆਪ ਗੁਰਦਿਆਲ ਸਿੰਘ ਨੂੰ ਨਾਲ ਲੈ ਨਿਹੰਗ ਸਿੰਘ ਪਾਸ ਪੁਜਾ। ਹਥ ਜੋੜਿ ਫਤੇ ਗਜਾਈ। ਅਗੋਂ ਨਿਹੰਗ ਸਿੰਘ ਨੇ ਫਤੇ ਗਜਾ, ਉਚੀ ਦੇਣੀ 'ਸਤਿ ਸ੍ਰੀ ਅਕਾਲ, ਗੁਰ ਬਰ ਅਕਾਲ ਬੋਲੇ ਸੋ ਨਿਹਾਲ' ਦਾ ਜੈਕਾਰਾ ਗਜਾਇਆ।

ਚਾਂਜੀ ਖੁਸ਼ੀ ਪੁਛਿ ਸਰਦਾਰ ਸੂਰਜ ਸਿੰਘ ਨੇ ਬੜੀ ਨਰਮੀ ਨਾਲ ਪੁਛਿਆ 'ਬਾਬਾ ਜੀ ਇਹ ਕੀ ਮਾਮਲਾ ਏ ?'

ਨਿਹੰਗ ਸਿੰਘ-ਗੁਰੂ ਦਿਆ ਪਿਆਰਿਆ ! ਮਾਮਲਾ ਕੀ ਹੋਣਾ ਏ ? ਤੁਰਕੜੇ ਨੇ ਹੱਲਾ ਬੋਲ ਦਿਤਾ ਤੇ ਖਾਲਸੇ ਨੇ ਸੁਧਾਈ ਅਰੰਭ ਦਿਤੀ। ਮੁਜੀ ਮੈਦਾਨ ਛਡਕੇ ਭਜ ਗਏ, ਤੇ ਖਾਲਸਾ ਫਟੜਾਂ ਦੀ ਸੇਵਾ ਵਿਚ ਜੁਟ ਗਿਆ।

ਕੋਤਵਾਲ-ਬਾਬਾ ਜੀ ! ਫੇਰ ਤੁਹਾਨੂੰ ਹੁਣ ਸਰਕਾਰੇ ਜਾਣਾ ਪਊ।

ਨਿਹੰਗ-ਚਲੋ ! ਖਾਲਸਾ ਜਾਣ ਨੂੰ ਤਿਆਰ ਬਰ-ਤਿਆਰ ਹੈ। ਆਪ ਦਾ ਹੁਕਮ ਸਿਰ ਮਥੇ ਤੇ। ਨਾਲੇ ਮਹਾਰਾਜੇ ਦੇ ਦਰਸ਼ਨ ਕਰ ਆਵਾਂਗੇ।' ਕਹਿਕੇ ਆਪ ਸੂਰਜ ਸਿੰਘ ਹੁਰਾਂ ਦੇ ਨਾਲ ਤੁਰ ਪਏ।

ਸਪੈਸ਼ਲ ਅਦਾਲਤਾਂ, ਕਾਨੂੰਨੀ ਕਚਿਹਰੀਆਂ, ਅਥਵਾ ਰਾਜ ਦਰਬਾਰ ਕੇਵਲ ਨਾਟਕ ਘਰ ਹੀ ਨਹੀਂ ਹੁੰਦੇ। ਇਨ੍ਹਾਂ ਦਾ ਆਸ਼ਾ ਕੇਵਲ ਕਾਗਜ਼ ਕਾਲੇ ਕਰਨੇ ਤੇ ਮਿਸਲਾਂ ਬਣੌਣਾ ਹੀ ਨਹੀਂ ਹੋਣਾ

ਚਾਹੀਦਾ। ਇਨ੍ਹਾਂ ਵਿਚਲੇ ਕਰਮ ਚਾਰੀ ਵਕੀਲ, ਬੈਰਿਸਟਰ ਅਤੇ ਜੱਜ ਆਦਿਕ ਕਤਾਬਾਂ ਦੇ ਹੀ ਕੀੜੇ ਤੇ ਕਾਨੂੰਨੀ ਤੋਤੇ ਹੀ ਨਹੀਂ ਹੋਣੇ ਚਾਹੀਦੇ, ਸਗੋਂ ਇਹ ਸਭ ਮਿਹਨਤ, ਖਰਚ, ਪੜ੍ਹਾਈ ਤੇ ਸਿਖਿਆ ਸਚਾਈ ਤੇ ਅਸਲੀਅਤ ਦੀ ਖੋਜ ਕਢਣ ਲਈ ਹੁੰਦੇ ਹਨ।

ਇਕ ਡਾਕੂ ਸੈਆਂ ਆਦਮੀਆਂ ਦੇ ਸੋਹੇਂ ਡਾਕਾ ਮਾਰਦਾ ਹੈ। ਉਸ ਦੇ ਡਰਿ, ਸਾਕਾਗੀਰੀ ਅਥਵਾ ਲਿਹਾਜ਼ ਨਾਲ ਕੋਈ ਉਸ ਦੇ ਵਿਰੁਧ ਗਵਾਹੀ ਨਹੀਂ ਦਿੰਦਾ। ਡਾਕਾ ਵਕੀਲਾਂ ਤੇ ਜਜਾਂ ਦੇ ਸਾਹਮਣੇ ਹੀ ਕਿਉਂ ਨਾ ਪਿਆ ਹੋਵੇ, ਪਰ ਸਬੂਤ ਕੁਛ ਨਹੀਂ। ਜੱਜ ਸਾਹਿਬ ਲਿਖਤੀ ਗਵਾਹੀਆਂ ਮੰਗਦਾ ਹੈ। ਗਵਾਹੀ ਕੋਈ ਨਹੀਂ ਦਿੰਦਾ। ਡਾਕੂ ਦਾ ਵਕੀਲ ਕਾਨੂੰਨੀ ਤੌਰ ਤੇ ਡਾਕਾ ਪੈਣਾ ਬਿਲਕੁਲ ਝੂਠ ਸਬੂਤ ਕਰਦਾ ਹੈ, ਕਿਉਂਕਿ ਸਿੱਧ ਜੂ ਨਹੀਂ ਹੁੰਦਾ। ਜੱਜ ਸਾਹਿਬ "ਚੂੰਕਿ ਇਸ ਕੇ ਮੁਤਅਲਕ ਕਾਫੀ ਸ਼ਹਾਦਾਤ ਔਰ ਡਾਕੇ ਕਾ ਕੁਛ ਸਬੂਤ ਨਹੀਂ ਮਿਲਤਾ ਇਸ ਲੀਏ ਮੁਕਦਮਾ ਖਾਰਜ ਔਰ ਮੁਲਜ਼ਮ ਕੇ ਬਰੀ ਕੀਆ ਜਾਤਾ ਹੈ।" ਫੈਸਲਾ ਦਿੰਦਾ ਹੈ ਇਸੇ ਤਰਾਂ ਠਾਣੇਦਾਰ ਪਿੰਡ ਆ, ਜ਼ੈਲਦਾਰ ਤੇ ਨੰਬਰਦਾਰਾਂ ਨੂੰ ਇਕਠੇ ਕਰਕੇ ਭਗਤ ਸਿੰਘ ਦੇ ਮਾਲ ਅਸਬਾਬ ਦੀ ਕੁਰਕੀ ਬੋਲਦਾ ਹੈ। ਪਰਚੇ ਤੋਂ ਪੜ੍ਹਕੇ ਦਸਦਾ ਹੈ ਕਿ 'ਭਗਤ ਸਿੰਘ ਰਾਮਗੜੀਆ ਅਕਾਲੀ, ਬੇਟਾ.....ਦਾ ਪੰਦਰਾਂ ਜੂਨ ਸੰਨ ੧੯.....ਨੂੰ ਫੇਰੂ ਦੇ ਮੋਰਚੇ ਵਿਖੇ ਜਾਣ ਕਰਕੇ ਦੋ ਸਾਲ ਦੀ ਸਖਤ ਕੈਦ ਹੋ ਚੁਕਾ ਹੈ, ਤੇ ਉਸ ਨੂੰ ਦੋ ਸੌ ਰੁਪਿਆ ਜੁਰਮਾਨਾ ਵੀ ਅਦਾਲਤ ਵਿਚੋਂ ਹੋਇਆ ਹੈ ਇਸ ਲਈ ਜੁਰਮਾਨਾ ਨਾ ਅਦਾ ਕਰਨ ਕਰਕੇ ਉਸ ਦਾ ਮਾਲ ਢੱਗਾ ਕੁਰਕ ਕੀਤਾ ਜਾਂਦਾ ਹੈ।'

ਅਗੋਂ ਸਾਰਾ ਪਿੰਡ ਆਖਦਾ ਹੈ—"ਬਾਬਾ ਸਾਡੇ ਪਿੰਡ ਵਿਚ ਹੀ ਕੋਈ ਅਕਾਲੀ ਨਹੀਂ ਤੇ ਨਾ ਹੀ ਕੋਈ ਫੇਰੂ ਆਦਿ ਕਿਸੇ ਵੀ ਮੋਰਚੇ ਵਿਚ ਗਿਆ ਹੈ। ਭਗਤ ਸਿੰਘ ਸਾਮ੍ਹਣੇ ਖੜਾ ਦੁਹਾਈ ਦੇ

ਰਿਹਾ ਹੈ ਕਿ "ਮੈਂ ਤਾਂ ਦੋ ਸਾਲਾਂ ਤੋਂ ਕਦੇ ਪਿੰਡ ਦੀ ਜੂਹੋਂ ਵੀ ਬਾਹਰ ਨਹੀਂ ਗਿਆ। ਦੋ ਮਹੀਨਿਆਂ ਤੋਂ ਲਤ ਭਜੀ ਘਰ ਹੀ ਮੰਜੇ ਉਤੇ ਪਿਆ ਹਾਂ, ਫੇਰ ਮੈਨੂੰ ਜੁਰਮਾਨਾ ਕਾਹਦਾ ?" ਪਰ ਠਾਣੇਦਾਰ ਬਾਗੜ ਬਿਲੇ ਵਾਂਗ ਘੁਰਕ ਕੇ ਆਖਦਾ ਹੈ "ਤਾਂ ਕੀ ਅਦਾਲਤ ਝੂਠੀ ਹੈ ? ਇਹ ਅਦਾਲਤੀ ਕਾਗਜ਼ ਹੈ। ਇਸ ਪਰ ਦੀਵਾਨ ਸਾਹਿਬ ਦੇ ਦਸਖਤ ਹਨ। ਕੁਰਕੀ ਤਾਂ ਜ਼ਰੂਰ ਹੋਵੇ ਗੀ, ਹਾਂ ਤੁਸੀਂ ਅਦਾਲਤ ਵਿਚ ਚਾਰਾ ਜੋਈ ਕਰ ਸਕਦੇ ਹੋ।" ਲੋਕੀਂ ਦੁਹਾਈ ਪਾ, ਪਿਟ ਪਿਟ ਆਖਦੇ ਹਨ।

"ਠਾਣੇਦਾਰ ਜੀ! ਭਗਤ ਸਿੰਘ ਤੁਹਾਡੇ ਸਾਹਮਣੇ ਖੜਾ ਹੈ। ਤੁਹਾਨੂੰ ਅਛੀ ਤਰਾਂ ਪਤਾ ਹੈ ਕਿ ਇਹ ਕਿਤੇ ਨਹੀਂ ਗਿਆ, ਤੇ ਤੁਹਾਡੀ ਹਵੇਲੀ ਛੱਤਦਾ ਹੀ ਭਿਗ ਕੇ ਲੱਤ ਭਨ੍ਹਾਂਈ ਪਿਆ ਹੈ।' ਪਰ ਠਾਣੇਦਾਰ ਇਕ ਨਹੀਂ ਸੁਣਦਾ ਤੇ 'ਮੈਂ ਨਹੀਂ ਜਾਣਦਾ। ਅਦਾਲਤੀ ਹੁਕਮ ਦੀ ਤਾਮੀਲ ਮੈਨੂੰ ਕਰਨੀ ਹੀ ਹੋਵੇ ਗੀ' ਆਖਿ ਕੁਰਕੀ ਕਰਕੇ ਤੁਰਦਾ ਹੁੰਦਾ ਹੈ। ਭਾਵੇਂ ਉਹ ਜਾਣਦਾ ਹੈ ਕਿ ਉਕਤ ਭਗਤ ਸਿੰਘ ਕਿਤੇ ਨਹੀਂ ਗਿਆ, ਸਗੋਂ ਇਸ ਅਦਾਲਤੀ ਨਾਟਕ ਸਮੇਂ ਇਸੇ ਦੀ ਹਵੇਲੀ ਛਤਦਾ ਸੀ। ਸ਼ਰੀਕਾਂ ਦੀ ਲਾਗਬਾਜ਼ੀ ਤੇ ਪੁਲਿਸ ਦੀ ਸ਼ਰਾਰਤ ਨਾਲ ਉਸ ਦੇ ਵਿਰੁਧ ਕੁਰਕੀ ਦਾ ਫਤਵਾ ਲਗਾ ਹੈ, ਪਰ ਕਰ ਕੁਛ ਨਹੀ ਸਕਦਾ। ਇਹ ਹੈ ਕਾਨੂੰਨੀ ਕਾਰਰਵਾਈ।

ਸ਼ੇਰੇ ਪੰਜਾਬ ਮਹਾਰਜਾ ਰਣਜੀਤ ਸਿੰਘ ਅਜੇਹਾ ਕਾਗਜ਼ੀ ਫੁਲ ਜਾਂ ਕਾਨੂੰਨੀ ਕੀੜਾ ਨਾ ਸੀ। ਉਹ ਸਚ ਦਾ ਖੋਜੀ, ਇਨਸਾਫ ਦਾ ਢੂੰਡਾਊ ਤੇ ਕਦਰਦਾਨ ਜੌਹਰੀ ਸੀ। ਕਈਆਂ ਗੁੰਝਲਦਾਰ ਮਾਮਲਿਆਂ ਵਿਚ ਉਹ ਆਪ ਤਫਤੀਸ਼ ਕਰਦਾ ਤੇ ਅਸਲੀਅਤ ਲਭਦਾ ਹੁੰਦਾ ਸੀ। ਕਈ ਬਾਰ ਉਸ ਦੇ ਮਹਿਲਾਂ ਵਿਚ ਹੀ ਦਰਬਾਰ ਲਗਦੇ ਤੇ ਫੈਸਲੇ ਹੁੰਦੇ ਹੁੰਦੇ ਸਨ।

ਅਜ ਰਾਜ ਮਹਿਲਾਂ ਵਿਚ ਖੂਬ ਰੌਣਕ ਹੈ। ਨੌਕਰ ਚਾਕਰ ਗੋਲੀਆਂ ਬਾਂਦੀਆਂ ਹਰਲ ਹਰਲ ਕਰਦੇ ਫਿਰਦੇ ਸਨ। ਪਰਸੋਂ ਗੁਰਪੁਰਬ ਦਾ ਦਿਹਾੜਾ ਹੈ, ਇਸ ਲਈ ਇਹ ਸਭ ਤਿਆਰੀਆਂ ਤੇ ਸਜ ਸਜਾਵਟਾਂ ਹੋ ਰਹੀਆਂ ਹਨ।

ਮਹਾਰਾਜਾ ਸਾਹਿਬ ਅਜੇ ਨਿਤਨੇਮ ਕਰਕੇ ਵਿਹਲੇ ਹੋਏ ਸਨ ਕਿ ਇਕ ਮੁਸਾਹਿਬ ਨੇ ਆਕੇ ਸਿਰ ਨਿਵਾਇਆ ਤੇ ਬੇਨਤੀ ਕੀਤੀ।

'ਸਰਕਾਰ! ਸਰਦਾਰ ਸੂਰਜ ਸਿੰਘ ਕੋਤਵਾਲ ਸਣੇ ਨਿਹੰਗ ਸਿੰਘ ਦੇ ਹਾਜ਼ਰ ਹੈ।

ਮਹਾਰਾਜਾ ਸਾਹਿਬ–'ਚਲੋ ਆਉਣ ਦਿਓ' ਅੰਦਰ ਆ ਗਏ। ਦੁਵਲਿਓ ਫਤੇ ਗਜਾਈ ਗਈ ਤੇ ਕੁਰਸੀਆਂ ਤੇ ਬੈਠਣ ਦਾ ਹੁਕਮ ਮਿਲ ਗਿਆ। ਮਹਾਰਾਜ ਜੀ ਬੋਲੇ:–

'ਨਿਹੰਗ ਸਿੰਘ ਜੀ ਇਹ ਕੀ ਮਾਮਲਾ ਹੈ? ਘੁਮਾਰ ਕੀ ਰੌਲਾ ਪਾ ਰਹੇ ਹਨ? ਆਖਦੇ ਹਨ 'ਨਿਹੰਗ ਸਿੰਘ ਜੀ ਨੇ ਐਵੇਂ ਹੀ ਗਧਾ ਵਢ ਘਤਿਆ। ਅਸਲ ਗਲ ਕੀ ਏ?'

ਨਿਹੰਗ ਸਿੰਘ–ਸਰਕਾਰ! ਗਲ ਕੀ ਹੋਣੀ ਏ? ਫੌਜਾਂ ਨੂੰ ਇਕ ਗੁਰਮੁਖ ਪ੍ਰੇਮੀ ਨੇ ਇਕ ਦਮੜਾ ਮਾਮਲਾ ਤਾਰਿਆ। ਤੇ ਫੌਜਾਂ ਨੇ ਅਗੋ– ਗੁਰਮੁਖ ਪਿਆਰਿਆ ਗੁਰੂ ਸਵਾਰਿਆ! ਬਾਜਾਂ ਵਾਲੇ ਸਚੇ ਪਾਤਸ਼ਾਹ ਦਸ਼ਮੇਸ਼ ਪਿਤਾ ਦਿਆ ਦੁਲਾਰਿਆ! ਗੁਰਮੁਖ ਸਿੰਘਾ! ਸਚਾ ਪਾਤਸ਼ਾਹ ਤੈਨੂੰ ਸਦਾ ਖੁਸ਼ ਤੇ ਚੜਦੀਆਂ ਕਲਾਂ ਵਿਚ ਰਖੇ ਆਖਿ, ਜੈਕਾਰਾ ਗਜਾਇਆ–ਸ੍ਰੀ ਸਾਹਿਬ ਦੀ ਸੇਵਾ ਲਈ ਭੇਟਾ ਕਰ ਦਿਤਾ। ਮਹਾਰਾਜ

ੀ ! ਸ੍ਰੀ ਸਾਹਿਬ ਜੀ ਦੀ ਕੀ ਪੁਛਦੇ ਹੋ, ਜਮ ਦੀ ਪੁਤਰੀ ਬਣ ਗਈ।
ਜੁਲੀ ਨੂੰ ਪਰੇ ਸਿੱਟੇ। ਅਖ ਨਾ ਟਿਕੇ, ਸੂਰਜ ਨੂੰ ਮਾਤ ਪਾਉਣ ਲਗ
ਈ। ਉਸ ਗੁਰਮੁਖ ਪਿਆਰੇ ਗੁਰਮੁਖ ਸਿੰਘ ਨੇ ਕਿਹਾ ਜੇ ਅਠ
ਹਿਰ ਅਖੰਡ ਵਾਹੁਣ ਨਾਲ ਵੀ ਲਹੂ ਦੀ ਬੂੰਦ ਲਗ ਜਾਵੇ ਤਾਂ ਕਾਣੀ
ਡੀ ਨਾ ਲੈਣੀ।' ਹੁਣ ਮਹਾਰਾਜ ਜੀ ! ਖਾਲਸੇ ਨੇ ਅਜ਼ਮਾਉਣੀ ਹੋਈ
ਰੂਰ। ਭਲਾ ਬਿਨਾਂ ਅਜ਼ਮਾਏ ਮਿਆਨ ਵਿਚ ਕਿਵੇਂ ਜਾਏ ? ਬਸ
ਹਿਲਾ ਮੋਰਚਾ ਖਾਲਸੇ ਦਾ ਇਸ ਗਧਾ ਫੌਜ ਨਾਲ ਹੀ ਲੱਗਾ। ਆਹਾ
ਾ ! ਸਰਕਾਰ ! ਕੀ ਪੁਛਦੇ ਹੋ, ਪੈਂਤੜਾ ਬੱਨ੍ਹਕੇ ਪੋਲੀ ਜੇਹੀ ਸਿਟੀ,
ਆਪਣੇ ਆਪ ਪਾਣੀ ਵਾਂਗ, ਸੁਕੀ ਪਾਰ ਗਈ।' ਇਹ ਕਹਿੰਦਿਆਂ
ਨਿਹੰਗ ਸਿੰਘ ਦਾ ਚਿਹਰਾ ਜੋਸ਼ ਤੇ ਖੁਸ਼ੀ ਨਾਲ ਚਮਕ ਉਠਿਆ
ਮਹਾਰਾਜ ਨੇ ਵੀ ਕਿਹਾ 'ਵਾਹਵਾ !' ਨਿਹੰਗ ਸਿੰਘ ਫੇਰ ਬੋਲਿਆ—
ਮਹਾਰਾਜ ਸਾਹਿਬ ! ਐਵੇਂ ਸਹੁਰੇ ਘੁਮਾਰ ਚਿਆਂ ਚਿਆਂ ਪਏ ਕਰਦੇ
ਨੇ। ਪੰਜਾਂ ਰੁਪਇਆਂ ਦੇ ਗਧੇ ਨੂੰ ਰੋਂਦੇ ਹਨ, ਖਾਲਸੇ ਦੇ ਲੱਖਾਂ ਦੇ ਵਾਰ
ਦਾ ਮੁਲ ਹੀ ਨਹੀਂ ਪਾਉਂਦੇ।

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਸੂਰਮਾ ਸੀ। ਸੂਰਮਿਆਂ ਦੀ ਕਦਰ ਕਰਨ ਵਾਲਾ ਸੀ 'ਖਾਲਸੇ ਦੇ ਲਖਾਂ ਦੇ ਵਾਰ ਦਾ ਮੁਲ ਨਹੀਂ ਪਾਉਂਦੇ' ਸੁਣਿਕੇ ਫੜਕ ਉਠਿਆ। ਝਟ ਹਥੋਂ ਕੜਿਆਂ ਦੀ ਜੋੜੀ ਲਾਹਕੇ ਨਿਹੰਗ ਸਿੰਘ ਦੇ ਹਥੀਂ ਪਾਉਂਦਿਆਂ ਬੋਲਿਆ 'ਨਿਹੰਗ ਸਿੰਘ ਜੀ ! ਤੁਹਾਡੇ ਵਾਰ ਦਾ ਮੁਲ ਉਹ ਨਹੀਂ ਪਾ ਸਕਦੇ। ਮੈਂ ਪਾਉਂਦਾ ਹਾਂ। ਲਓ ਇਸ ਵਾਰ ਦੀ ਪ੍ਰਸੰਸਾ ਵਿਚ ਇਹ ਤੁਛ ਕੜੇ ਭੇਟ ਕਰਦਾ ਹਾਂ, ਪਰ ਨਿਹੰਗ ਸਿੰਘ ਜੀ ! ਮੈਨੂੰ ਡਰ ਹੈ ਕਿ ਮੇਰੇ ਪਿਛੋਂ ਖਾਲਸੇ ਦੇ ਇਨ੍ਹਾਂ ਵਾਰਾਂ ਦਾ ਸ਼ਾਇਦ ਹੀ ਕੋਈ ਮੁਲ ਪਾਵੇ।'

ਵਾਹ ਸ਼ੇਰੇ ਪੰਜਾਬ ਮਹਾਰਾਜ ਰਣਜੀਤ ਸਿੰਘ ! ਤੇ ਵਾਹਵਾ

ਤੇਰੀ ਪਰਖ। ਨਿਹੰਗ ਸਿੰਘ ਨੇ ਅਰਦਾਸਾ ਸੋਧਿਆ ਤੇ ਜੈਕ
ਗਜਾਉਂਦਾ ਚਾਲੇ ਪਾ ਗਿਆ। ਪਿਛੋਂ ਮਹਾਰਾਜ ਨੇ ਗਧਿਆਂ ਵਾਲਿ
ਨੂੰ ਸਦਿ, ਗਧੇ ਦਾ ਮੁਲ ਦੇਕੇ ਰਾਜੀ ਕਰ ਦਿਤੇ। ਉਹ ਅਸੀਸਾਂ ਦਿ
ਜਸ ਗਾਉਂਦੇ ਘਰੀਂ ਗਏ।

ਹੈਦਰ ਖਾਨ

੧੯੮੨ ਈਸਵੀ ਦੇ ਲਗ ਭਗ ਦੀ ਸਚੀ ਕਹਾਣੀ।

ਬਹਾਦੁਰੀ

ਰਾਜੇ ਮਹਾਰਾਜੇ ਬੇ ਹਿਸਾਬ ਹੋਏ ਜਗ ਵਿਚ,
ਸਾਰਿਆਂ ਦੇ ਸਿਰ ਤੇ ਜਿਵੇਂ ਹੁਕਮ ਕਾਦਰੀ ।
ਉਂਵ ਤਾਂ ਫ਼ਰੰਗ ਫੰਗੀ ਸਾਰੇ ਹੀ ਮੱਕਾਰ ਭਾਰੇ,
ਤਾਂ ਭੀ ਜਜੋ ਅੱਯਾਰ ਹੁਸ਼ਿਆਰ ਮੁਲ ਪਾਦਰੀ ।
ਭਾਰਤ ਦੀ ਜਾਨ ਤੇ ਤੂਫਾਨ ਤਾਂ ਮਹਾਨ ਆਏ,
ਉਨ੍ਹਾਂ 'ਚੋਂ ਜਜੋ ਭਾਰੀ ਮਸ਼ਹੂਰ ਲੁਟ ਨਾਦਰੀ ।
ਬੋਲੀਆਂ 'ਚੋਂ ਬੋਲੀ ਸਿਰਤਾਜ ਮਾਦਰੀ ਹੈ ਜਿਵੇਂ,
ਤਿਵੇਂ ਗੁਣਾਂ ਵਿਚੋਂ ਗੁਣ ਉਤਮ ਬਹਾਦੁਰੀ ।

ਤੀਰਾਹ ਦੇ ਜੰਗ ਖਤਮ ਹੋਏ ਨੂੰ ਅਜੇ ਸਾਲ ਕੁ ਹੀ ਹੋਇਆ ਸੀ ਕਿ ਪਾਕਸਤਾਨ ਵਿਚੋਂ ਫੇਰ ਗੜ ਬੜ ਦੀਆਂ ਖਬਰਾਂ ਔਣੀਆਂ ਸ਼ੁਰੂ ਹੋ ਗਈਆ, ਪਲਟਨ ਨੰ: ੩੨ (32 nd Pioneer) ਨੂੰ— ਜੋ ਅਗੇ ਤੀਰਾਹ ਦੀ ਲੜਾਈ ਨਿਚ ਲੜ ਆਈ ਸੀ—ਕੂਚ ਕਰਨ ਦਾ ਹੁਕਮ ਹੋ ਗਿਆ।

ਇਹ ਸਾਰੀ ਗੜ ਬੜ ਇਕ ਬਹਾਦਰ ਨੌਜਵਾਨ ਪਠਾ
ਹੈਦਰ ਖਾਨ ਦੀ ਮਚਾਈ ਹੋਈ ਸੀ; ਜਿਸਨੇ ਅੰਗ੍ਰੇਜ਼ੀ ਇਲਾਕ
ਪੇਸ਼ਾਵਰ ਦੇ ਨੇੜੇ ਨੇੜੇ, ਡਾਕੇ ਤੇ ਦਿਨ ਦੀਵੀਂ ਹੱਲੇ ਕਰ ਕਰ
ਫਰੰਗੀਆਂ ਦੀ ਜਾਨ ਤੰਗ ਕੀਤੀ ਹੋਈ ਸੀ। ਉਸਦੀ ਨਿਡਰਤਾ
ਨਿਧੜਕਤਾ ਅਤੇ ਬਹਾਦਰੀ ਦੀ ਇਲਾਕੇ ਵਿਚ ਧਾਂਕ ਮਚੀ ਹੋਈ ਸੀ। ਫ

ਏਥੋਂ ਫਰੰਗੀ ਪਲਟਣਾਂ ਵਿਚ ਆ ਦੜਕਣਾ, ਪਹਿ
ਖੜੇ ਫਿਰੰਗੀ ਸਿਪਾਹੀਆਂ ਤੋਂ ਬੰਦੂਕਾਂ ਖੋਹ ਲੈ ਜਾਣੀਆਂ, ਭੁਹੀ
ਬਦਲਕੇ ਅੰਗ੍ਰੇਜ਼ਾਂ ਦਾ ਭੇਦ ਲੈ ਜਾਣਾ, ਅਤੇ ਖਾਣਾ ਖਾ ਰਹਿ
(Mess Court) ਅੰਗ੍ਰੇਜ਼ਾਂ ਵਿਚ ਆ ਗੱਜਣਾ, ਭਭਕਾਰ ਮਾਰ
ਚੀਕ ਚਿਹਾੜਾ ਪਾ ਜਾਣਾ ਆਦਿ ਉਸਦੇ ਸਾਧਾਰਨ ਸ਼ੁਗਲ ਸਨ।

ਹੈਦਰ ਖਾਨ ਜਿਥੇ ਸੂਰਮਾ, ਬਹਾਦਰ ਨਿਡਰ ਤੇ ਨਿਧੜਮ
ਨੌਜਵਾਨ ਸੀ, ਓਥੇ ਸੋਹਣਾ ਸੋਨੇ ਰੰਗਾ ਪੰਝੀ ਵਰ੍ਹੇ ਦਾ, ਛੇ ਫੁਟ
ਲੰਮਾਂ, ਭਰਮਾਂ. ਖਾਨਦਾਨੀ ਖਾਨ, ਸਰਦਾਰ, ਇਲਾਕੇ ਵਿਚ ਮੰਨਿਆ
ਹੋਇਆ, ਪਰੁਪਕਾਰੀ, ਸੱਚਾ ਅਤੇ ਈਮਾਨਦਰ ਭੀ ਸੀ। ਉਹਦੀ ਇ
ਸਾਰੀ ਲੁਟ ਮਾਰਿ ਕੇਵਲ ਬਹਾਦਰੀ ਪ੍ਰਗਟ ਕਰਨ ਅਤੇ ਆਪਣ
ਬਾਹੁਬਲ ਦਿਖਾਲਣ ਲਈ ਹੀ ਸੀ।

ਉਸਦਾ ਸੁਭਾਵ ਡਾਢਾ ਨਿੱਘਾ, ਤਬੀਅਤ ਮਸਤ, ਚਿਹ
ਹਸੂੰ ਹਸੂੰ ਕਰਦਾ ਅਤੇ ਉਹ ਕੁਦਰਤੋਂ ਅਜ਼ਾਦੀ ਪਸੰਦ ਸੀ
ਸਾਰੇ ਯਾਕਸਤਾਨ ਅਫਰੀਦੀ ਇਲਾਕੇ ਵਿਚ ਉਸਦੀ ਇਜ਼ਤ ਮਾ
ਤੇ ਵਡਿਆਈ ਦੀ ਦੰਤ ਕਥਾ ਤੇ ਪ੍ਰਸਿੱਧਤਾ ਸੀ। ਲੋਕ ਇਸਤੋਂ ਡਰ
ਨਹੀਂ, ਸਗੋ ਅਦਬ ਵਜੋਂ ਆਦਰ ਸਨਮਾਨ ਕਰਦੇ ਸਨ। ਇਸ
ਭੀ ਕਦੇ ਆਪਣੇ ਇਲਾਕੇ ਵਿਚ ਕਿਸੇ ਦਾ ਵਾਲ ਵਿੰਗਾ ਨਾ ਸੀ ਕੀਤਾ
ਸਗੋਂ ਅੰਗਰੇਜ਼ੀ ਇਲਾਕੇ ਵਿਚੋਂ ਮਾਰ ਧਾੜ ਕਰਕੇ, ਗਰੀਬਾਂ ਮੁਹਤਾ

ਨੂੰ ਧਨ ਵੰਡ ਦਿੰਦਾ ਸੀ ਨਿਆਸਰਿਆਂ ਨੂੰ ਆਸਰਾ, ਨਿਓਟਿਆਂ ਨੂੰ ਓਟ ਦੇਣੀ ਅਤੇ ਗਰੀਬਾਂ ਦੀ, ਅਮੀਰਾਂ ਧੱਕੜ ਬਾਜ਼ਾਂ ਹਥੋਂ ਰਖਿਆ ਕਰਨੀ ਇਸਦੇ ਜੀਵਨ ਦਾ ਮੁੱਖ ਉਦੇਸ਼ ਸੀ। ਇਹੀ ਕਾਰਣ ਸੀ ਕਿ ਅੰਗ੍ਰੇਜ਼ਾਂ ਦੀ ਅਟੁੱਟ ਕੋਸ਼ਸ਼ ਕਰਨ ਤੇ ਭੀ ਹੈਦਰ ਖਾਨ ਢੇਰ ਚਿਰ ਤਕ ਫੜਿਆ ਨਾ ਗਿਆ।

ਇਸਦਾ ਨਸ਼ਾਨਾ ਅਜੇਹਾ ਅਚੁੱਕ ਸੀ। ਕਿ ਸੌ ਵਿਚੋਂ ਸ਼ਾਇਦ ਕੋਈ ਕਦੇ ਇਕ ਗੋਲੀ ਖਾਲੀ ਜਾਵੇ। ਸੱਚ ਮੁਚ ਹੀ ਇਹ ਸੂਈ ਦਾ ਨੱਕਾ ਵਿਨ੍ਹਣ ਵਾਲਾ ਨਿਸ਼ਾਨਚੀ ਸੀ।

ਕਈ ਵਾਰਿ ਦੋ ਦੋ ਚਾਰ ਚਾਰ ਘੰਟੇ ਆਮ੍ਹੋ ਸਾਮਣੀ ਗੋਲੀ ਚਲਕੇ, ਕਈ ਵਾਰਿ ਹਥੋ ਹੱਥੀ ਲੜਾਈ ਕਰਕੇ, ਇਹ ਸੂਰਮਾ ਸਾਫ ਮੁਖਣ ਵਿਚੋਂ ਵਾਲ ਵਾਂਗ ਨਿਕਲ ਗਿਆ। ਅਨੇਕ ਪਠਾਣ ਇਸਦੀ ਰਖਿਆ ਕਰਨ ਵਿਚ ਮਾਰੇ ਗਏ, ਪਰ ਇਸਨੂੰ ਫੜਾਉਣਾ ਗੁਨਾਹੇ ਅਜ਼ੀਮ (ਘੋਰ ਪਾਪ) ਸਮਝਦੇ ਸਨ।

(੨)

ਪਲਟਨ ਨੰ: ੩੨ ਪਾਨੀਅਰ ਦੇ ਕੈਂਪ ਲੱਗੇ ਨੂੰ ਚਾਰ ਮਹੀਨੇ ਲੰਘ ਚੁਕੇ ਹਨ। ਹਜ਼ਾਰ ਕੋਸ਼ਸ਼ ਕਰਨ ਅਤੇ ਚੌਕੰਨੇ ਰਹਿਣ ਤੇ ਭੀ, ਇਸ ਬਹਾਦਰ ਹੈਦਰ ਖਾਨ ਨੇ ਇਸ ਪਲਟਣ ਦੀਆਂ ਕੋਈ ਵੀਹ ਬੰਦੂਕਾਂ ਆਪਣੇ ਕਾਬੂ ਕਰ ਲਈਆਂ ਸਨ। ਇਕ ਦਿਨ ਤਾਂ ਸੂਰਜ ਛਿਪਦਿਆਂ ਹੀ ਇਸ ਬੀਰ ਨੇ ਕੋਈ ਵੀਹ ਕੁ ਸਾਥੀਆਂ ਨਾਲ, ਅੰਗ੍ਰੇਜ਼ੀ ਮੈਗਜ਼ੀਨ ਉਪਰ ਛਾਪਾ ਮਾਰਿਆ। ਪਤਾ ਤਦ ਹੀ ਲੱਗਾ ਜਦ ਕੰਧ ਪਾੜਕੇ ਗੋਲੀ ਗੱਠੇ ਦੇ ਸੰਦੂਕ ਬਾਹਰ ਕੱਢ ਲਏ।

ਅਲਾਰਮ ਹੋ ਗਿਆ। ਮਿੰਟਾਂ ਵਿਚ ਫੌਜ ਇਕੱਠੀ ਹੋ ਗਈ

ਪਰ ਇਹ ਬਹਾਦਰ ਦੋ ਬਕਸ ਗੋਲੀਆਂ ਦੇ ਅਤੇ ਦਸ ਬੰਦੂਕਾਂ ਲੈ
ਠਣ' ਠਣ ਗੋਲੀ ਚਲਾਉਂਦਾ, ਚਿੱਤਰੇ ਵਾਂਗ ਛਾਲਾਂ ਮਾਰਦਾ ਸਾ
ਨਿਕਲ ਗਿਆ। ਅੰਗ੍ਰੇਜ਼ਾਂ ਦੇ ਦੋ ਸਿਪਾਹੀ ਥਾਂ ਮਾਰੇ ਗਏ, ਦਸ ਜ਼ਖ
ਹੋਏ, ਪਰ ਇਨ੍ਹਾਂ ਦਾ ਕੋਈ ਪਤਾ ਹੀ ਨਹੀਂ ਲਗਾ, ਕਿ ਕਿਵੇਂ ਮਖ
ਵਿਚੋਂ ਵਾਲ ਵਾਂਗ ਖਿਸਕ ਗਏ।

ਇਸ ਮੈਗਜ਼ੀਨੀ ਹੱਲੇ ਦੇ ਦੂਜੇ ਦਿਨ ਹੀ ਪਲਟਨ ਦਾ ਅੰਗ੍ਰੇ
ਅਫਸਰ ਡਾਢੇ ਰੋਹ ਵਿਚ ਆਇਆ। ਉਸਨੇ ਸਾਰੇ ਸਰਦਾਰਾਂ
ਇਕੱਠਿਆਂ ਕਰਕੇ ਖੂਬ ਲਾਅਨ ਤਾਅਨ ਕੀਤੀ।

ਇਸ ਸਾਰੀ ਝਾੜ ਝੰਬ ਨੂੰ ਹੋਰ ਤਾਂ ਸਾਰੇ ਨੀਵੀਂ ਪਾਈ ਸੁਣ
ਰਹੇ ਤੇ ਕਿਤੇ ਕਿਤੇ 'ਜੀ ਹਜ਼ੂਰ' ਕਹਿਕੇ ਵਫਾਦਾਰੀ ਦੀ ਕੜੀ ਪੱਕ
ਕਰਦੇ ਰਹੇ, ਪਰ ਸਰਦਾਰ ਬਹਾਦਰ ਸਿੰਘ ਤੋਂ ਨਾ ਰਿਹਾ ਗਿਆ
ਉਸਨੇ ਸਲਾਮ ਕਰਕੇ ਕਿਹਾ:—

'ਹਜ਼ੂਰ! ਕਈ ਗਾਰਦਾਂ ਢੂੰਢ ਵਾਸਤੇ ਜਾ ਚੁਕੀਆਂ ਹਨ
ਹੁਣ ਮੈਨੂੰ ਇਜਾਜ਼ਤ ਦੇਵੋ ਕਿ ਮੈਂ ਇਸ ਪਠਾਣ ਦੀ ਖੋਜ ਵਿਚ ਜਾਵਾਂ
ਮੈਂ ਪ੍ਰਣ ਕਰਦਾ ਹਾਂ ਕਿ ਜਾਂ ਤਾਂ ਇਸ ਮੁਸ਼ਕੀ ਪਠਾਣ ਨੂੰ ਬੰਨ੍ਹਕੇ ਆਪ
ਸੌਹੇਂ ਹਾਜ਼ਰ ਕਰਾਂਗਾ, ਜਾਂ ਉਸਦੀ ਲੋਥ, ਨਹੀਂ ਤੇ ਆਪ ਮੁੜ
ਜੀਉਂਦਾ ਮੂੰਹ ਨਹੀਂ ਦਿਖਾਵਾਂਗਾ ਮੇਰੀ ਭੀ ਲੋਥ ਹੀ ਆਵੇਗੀ।'

ਫਰੰਗੀ ਦਾ ਤਮਕ ਰਿਹਾ ਚਿਹਰਾ ਸਰਦਾਰ ਬਹਾਦਰ ਸਿੰ
ਦੀਆਂ ਗੱਲਾਂ ਸੁਣਕੇ ਨਰਮ ਹੋ ਗਿਆ। ਉਸ ਨੇ ਝੱਟ ਆਪਣ
ਟੋਨ (ਆਵਾਜ਼, ਗਲ ਕਰਨ ਦਾ ਢੰਗ) ਬਦਲਕੇ ਨਰਮ
ਨਾਲ ਕਿਹਾ:—

"ਵੈਲ ਸਰਡਾਰ ਬਹਾਡਰ ! ਹਮ ਟੁਮਾਰੇ ਉੂਪਰ ਬਹੁਟ ਖੁਸ
ਹੈ ਅਗਰ ਟੁਮ ਉੁਸ ਬਡਮਾਸ ਡਾਕੂ ਕੋ ਪਕਰ ਕਰ ਲਾਏਗਾ ਟੋ
ਹਮ ਟੁਮਕੋ ਇਨਾਮ ਡੇਗਾ ।"

ਸਰਦਾਰ ਬਹਾਦਰ ਸਿੰਘ ਨੂੰ ਪੰਦਰਾਂ ਜਵਾਨਾਂ ਦੀ ਪਾਰਟੀ
ਨਾਲ, ਭਾਲ ਲਈ ਨਿਕਲਿਆਂ ਚਾਰ ਦਿਨ ਹੋ ਗਏ ਹਨ। ਪਹਿਲਾਂ
ਦੁ ਦਿਨ ਤਾਂ ਖਬਰ ਪੁਜਦੀ ਰਹੀ ਸੀ ਪਰ ਹੁਣ ਦੋ ਦਿਨ ਤੋਂ ਕੋਈ
ਖਬਰ ਨਹੀਂ ਆਈ ਕਿ ਪਾਰਟੀ ਕਿੱਥੇ ਹੈ ? ਤੇ ਕੀ ਕਰ ਰਹੀ ਹੈ ?

ਢਲੇ ਦਿਨ ਤੀਜੇ ਪਹਿਰ ਉਹੀ ਪਾਰਟੀ ਵਾਪਸ ਕੈਂਪ ਵਿਚ
ਆਈ ਤਦ ਸਾਰੀ ਪਲਟਣ ਵਿਚ ਹਲ ਚਲੀ ਮਚ ਗਈ। ਮਿੰਟਾਂ
ਵਿਚ ਇਹ ਗਲ ਫੈਲ ਗਈ ਕਿ 'ਸਰਦਾਰ ਬਹਾਦੁਰ ਸਿੰਘ ਜੀ ਪਠਾਣਾਂ
ਹੱਥੋਂ ਮਾਰੇ ਗਏ ਤੇ ਬਾਕੀ ਜਵਾਨ ਵਾਪਸ ਆ ਗਏ ਹਨ।'

ਸਰਦਾਰ ਨਿਹਾਲ ਸਿੰਘ ਤੇ ਬਹਾਦਰ ਸਿੰਘ ਦੋਵੇਂ ਗੂੜ੍ਹੇ ਮਿਤ੍ਰ
ਸਨ। ਕਈਆਂ ਜੰਗਾਂ ਜੁੱਧਾਂ ਵਿਚ ਇਕੱਠੇ ਲੜ ਚੁਕੇ ਸਨ। ਦੋਵੇਂ
ਬਹਾਦਰ, ਖੁਲ੍ਹ ਦਿਲੇ, ਆਜ਼ਾਦ ਤਬੀਅਤ, ਖਰਚੀਲੇ ਤੇ ਪਿਆਲੇ
ਦੇ ਸਾਂਝੀਵਾਲ ਸਨ। ਭਾਵੇਂ ਬਹਾਦੁਰ ਸਿੰਘ ਸੂਬੇਦਾਰ ਹੋ ਗਿਆ ਤੇ
ਨਿਹਾਲ ਸਿੰਘ ਅਜੇ ਕਲਰ ਹੌਲਦਾਰ ਹੀ ਸੀ, ਪਰ ਇਨ੍ਹਾਂ ਦੀ
ਮਿੱਤ੍ਰਤਾ ਭਰਾਵਾਂ ਵਾਂਗ ਸੀ ਛੋਟੇ ਬੜੇ ਦਾ ਰਤੀ ਭਰ ਭੀ ਖਿਆਲ ਨਾ
ਸੀ। ਸਗੋਂ ਬਹਾਦੁਰ ਸਿੰਘ ਸਰਦਾਰ ਨਿਹਾਲ ਸਿੰਘ ਤੋਂ ਕੁਛ
ਵਡਾ ਹੀ ਸੀ।

ਏਥੇ ਇਹ ਗਲ ਦਸ ਦੇਣੀ ਭੀ ਕੋਈ ਅਜੋਗ ਨਾ ਹੋਵੇਗੀ ਕਿ
ਸਰਦਾਰ ਨਿਹਾਲ ਸਿੰਘ ਇਕ ਡਾਢੀ ਸਖਤ ਤਬੀਅਤ ਦਾ ਤੇ

ਖੁਰਾਂਟ ਹੋਣ ਕਰਕੇ ਕਈ ਵਾਰ ਜਮਾਦਾਰ ਹੋ ਹੋ ਕੇ ਟੁੱਟ ਚੁਕਾ ਸ
ਨਹੀਂ ਤਾਂ ਇਹ ਭਾਂਵੇਂ ਹੁਣ ਤਕ ਸੂਬੇਦਾਰ ਮੇਜਰ ਹੁੰਦਾ। ਕ

ਸਾਥੀ ਬਹਾਦੁਰ ਸਿੰਘ ਦੀ ਮੌਤ ਦੀ ਖਬਰ ਸੁਣ
ਸਰਦਾਰ ਨਿਹਾਲ ਸਿੰਘ ਦੇ ਕਲੇਜੇ ਵਿਚ ਤੀਰ ਵਜਾ, ਕਾਤੀ ਫਿ
ਗਈ, ਅਵੱਸੋ ਉਸਦੀ ਸਾਹ ਨਿਕਲ ਗਈ। ਉਹ ਤੁਰਤ, ਉਸੇ ਵੇ
ਵਾਹੋ ਦਾਹੀ ਸਿਪਾਹੀਆਂ ਦੇ ਡੇਰੇ ਵਲ ਨੂੰ ਉਠ ਭੱਜਾ। ਅਗੋਂ ਉ
ਸਾਰੇ ਸਿਪਾਹੀ ਕੰਪਨੀ ਕਮਾਂਡਰ ਦੇ ਬੰਗਲੇ ਗਏ ਹੋਏ ਸਨ। ਅ
ਓਥੇ ਹੀ ਪੁਜੇ। ਜਾਂਦਿਆਂ ਨੂੰ ਅਜੇ ਸਿਪਾਹੀ ਵਰਾਂਡੇ ਵਿਚ ਹੀ ਖ
ਸਨ। ਪਲੋ ਪਲੀ ਵਿਚ ਫਰੰਗੀ ਅਫਸਰ ਅੰਦਰੋਂ ਨਿਕਲਿਆ ਸਲ
ਦੁਆ ਹੋਣ ਪਿਛੋਂ ਇਕ ਦਹਿਨੇ ਵਾਲੇ (ਸੀਨੀਅਰ) ਸਿਪਾਹੀ
ਸਰਦਾਰ ਬਹਾਦਰ ਸਿੰਘ ਦੀ ਮੌਤ ਦੀ ਕਥਾ ਇਸ ਤਰ੍ਹਾਂ ਸੁਣਾਉ
ਅਰੰਭ ਕੀਤੀ:-

"ਹਜ਼ੂਰ !

ਏਥੋਂ ਤੁਰਦੇ ਅਸੀਂ ਸੂਹਾਂ ਕੱਢਦੇ, ਟੋਹਾਂ ਲਾਉਂਦੇ, ਪਿ
ਪਿੰਡ ਘੁੰਮਦੇ ਤੇ ਥਾਂ ਥਾਂ ਟੋਲਦੇ ਦੋ ਦਿਨ ਲਗਾ ਤਾਰ ਘੁੰ
ਰਹੇ, ਕੋਈ ਪਤਾ ਨਾ ਲਗਾ। ਤੀਜੇ ਦਿਨ ਦੂਜੇ ਪਹਿਰ ਸ
ਸੂਹ ਲੱਗੀ ਕਿ ਹੈਦਰ ਖਾਨ 'ਸ਼ੇਰ ਗੜ੍ਹੀ' ਨਾਮੇ ਛੋਟੇ ਜੇਹੇ ਪਿ
ਵਿਚ ਕੱਲ ਰਾਤ ਸੀ। ਅਸੀਂ ਓਥੇ ਜਾ ਦਬਕੇ। ਉਸ ਗ
ਦੇ ਖਾਨ ਨੂੰ ਮਿਲੇ, ਪਰ ਉਹ ਸਾਫ ਮੁੱਕਰ ਗਿਆ। ਵਿ
ਵਿਚੋਂ ਪੁਛਣ ਤੋਂ ਸਾਨੂੰ ਸ਼ਕ ਜ਼ਰੂਰ ਪੈਂਦਾ ਸੀ। ਸਰਦਾਰ ਹੁ
ਨੇ ਉਸ ਗੜ੍ਹੀ ਦੇ ਮੁੱਲਾਂ ਨੂੰ ਆਪਣੇ ਨਾਲ ਰੰਢਿਆ। ਹ
ਗਰਮ ਕਰਨ ਨਾਲ ਉਸਨੇ ਸਾਰਾ ਭੇਦ ਦੱਸ ਦਿੱਤਾ। ਪ
ਲੱਗਾ ਕਿ ਰਾਤ ਠੀਕ ਏਸੇ ਪਿੰਡ ਵਿਚ ਸੀ, ਪਰ ਹੈਦਰ ਖ
ਦਾ ਰਸੂਖ ਤੇ ਪਿਆਰ ਲੋਕਾਂ ਵਿਚ ਐਨਾ ਹੈ ਕਿ ਕੋਈ ਭੀ ਉਸ

ਸਫੜਾਉਣ ਦੇ ਹੱਕ ਵਿਚ ਨਹੀਂ; ਸਗੋਂ ਲੋਕੀਂ ਉਸਦੀ ਰੱਖਿਆ ਕਰਨਾ ਪਰਮ ਧਰਮ ਸਮਝਦੇ ਹਨ।

ਉਸ ਮੁਲਾਂ ਨੇ ਕੁਛ ਰੁਪਏ ਹੋਰ ਲੈ ਕੇ ਸਾਨੂੰ ਇਕ ਸੂਹਾ ਨਾਲ ਦੇਣ ਦਾ ਇਕਰਾਰ ਕੀਤਾ। ਜਦ ਅਸੀਂ ਪਿੰਡੋਂ ਬਾਹਰ ਆ ਗਏ ਤਾਂ ਮੁਲਾਂ ਦਾ ਭੇਜਿਆ ਹੋਇਆ ਸੂਹਾ ਸਾਨੂੰ ਆ ਮਿਲਿਆ। ਉਸਨੂੰ ਨਾਲ ਲੈਕੇ ਅਸੀਂ ਉਹ ਸਾਰਾ ਦਿਨ ਫਿਰੇ। ਉਹ ਸਾਨੂੰ ਬਾਹਰ ਵਾਰ ਨਿਵੇਕਲੇ ਥਾਂ ਬਿਠਾਲ ਜਾਂਦਾ ਤੇ ਆਪ ਪਿੰਡਾਂ ਤੇ ਗ਼ਾਰਾਂ ਵਿਚ ਟੋਹ ਲਾਉਂਦਾ ਤੇ ਸੂਹ ਕੱਢਦਾ ਸੀ। ਪਹਿਰ ਰਾਤ ਗਈ ਤੇ ਸਾਨੂੰ ਪਤਾ ਲਗਾ ਕਿ ਇਕ ਗ਼ਾਰ (ਖੁੰਦਰ) ਵਿਚ ਹੈਦਰ ਖਾਨ ਤੇ ਉਸਦੇ ਕੁਛਕ ਸਾਥੀ ਬੈਠੇ ਕਬਾਬ ਭੁੱਨ ਰਹੇ ਹਨ। ਉਸ ਸੂਹੀਏ ਨੂੰ ਨਾਲ ਲੈਕੇ ਜਦ ਅਸੀਂ ਉਸ ਗ਼ਾਰ ਪਾਸ ਪੁੱਜੇ ਤਦ ਰਾਤ ਅੱਧੀ ਤੋਂ ਟੱਪ ਚੁਕੀ ਸੀ। ਇਕ ਤਾਂ ਉਵ ਹੀ ਅਨ੍ਹੇਰ ਘੁਪ ਸੀ, ਦੂਜੇ ਉਹ ਗ਼ਾਰ ਭੀ ਕੁਛ ਅਜੇਹੀ ਜਗ੍ਹਾ ਸੀ ਜਿਥੇ ਦਿਨੇ ਭੀ ਅਨ੍ਹੇਰਾ ਹੀ ਰਹੇ। ਚੁਪ ਚਾਂ ਛਾਈ ਹੋਈ ਸੀ। ਅੰਦਰੋਂ ਕੋਈ ਅਵਾਜ਼ ਤਕ ਨਾ ਸੀ ਆਉਂਦੀ। ਆਵਾਜ਼ਾਂ ਮਾਰਨ ਤੋਂ ਭੀ ਅੰਦਰੋਂ ਕੋਈ ਆਦਮੀ ਹੋਣ ਦੀ ਸੂਹ ਨਾ ਲੱਗੀ। ਬੰਦੂਕਾਂ ਦੇ ਪੰਜ ਸਤ ਫਾਇਰ ਭੀ ਅੰਦਰ ਵਲ ਨੂੰ ਕੀਤੇ, ਪਰ ਕੁਛ ਸਮਝ ਨਾ ਪਈ। ਸੂਹੀਆ ਕਹੀ ਜਾਂਦਾ ਸੀ ਕਿ "ਹੈਦਰ ਖਾਨ ਜ਼ਰੂਰ ਇਸ ਵਿਚ ਹੈ"। ਬਹੁਤ ਚਿਰ ਇਸੇ ਤਰਾਂ ਕਰਨ ਕਰਾਉਣ ਪਿਛੋਂ ਸਰਦਾਰ ਸਾਹਿਬ (ਸਰਦਾਰ ਬਹਾਦਰ ਸਿੰਘ) ਜੀ ਨੇ ਸਾਡੇ ਵਿਚੋਂ ਪ੍ਰੇਮ ਸਿੰਘ ਤੇ ਸੁੰਦਰ ਸਿੰਘ ਦੋਂਹ ਸਿਪਾਹੀਆਂ ਨੂੰ ਨਾਲ ਲਿਆ। ਦੋਹਾਂ ਨੇ ਸੰਗੀਨਾ ਚੜ੍ਹਾ ਲਈਆਂ ਤੇ ਸਰਦਾਰ ਨੇ ਨੰਗੀ ਕਿਰਚ ਫੜ ਲਈ। ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾ ਤਿਨੇ ਸਿੰਘ ਉਸ ਅਭਾਗੀ ਗ਼ਾਰ ਵਿਚ ਵੜ ਗਏ। ਅੰਦਰੋਂ ਕੋਈ ਉਘ ਸੁਘ ਨਾ ਨਿਕਲੀ। ਅਸੀਂ ਸਵੇਰ ਤਕ ਬੈਠੇ ਰਹੇ। ਲਾਗਲੇ ਪਿੰਡ ਵਿਚੋਂ ਸੱਦੇ ਹੋਏ

ਕੁਛਕੁ ਸਰਕਾਰੀ ਪਠਾਣਾਂ ਦੀ ਮਦਦ ਨਾਲ, ਜਦ ਅਸੀਂ ਸਵੇਰ ਨੂੰ
ਉਸ ਗ਼ਾਰ ਦੇ ਅੰਦਰ ਵੜਨ ਲਗੇ, ਤਦ ਕੀ ਦੇਖਦੇ ਹਾਂ ਕਿ ਪ੍ਰੇਮ ਸਿੰਘ
ਸੁੰਦਰ ਸਿੰਘ ਅਤੇ ਸਰਦਾਰ ਬਹਾਦਰ ਸਿੰਘ ਹੁਰਾਂ ਦੀਆਂ ਲੋਥ
ਦਰ ਵਿਚ ਪਈਆਂ ਹਨ। ਪ੍ਰੇਮ ਸਿੰਘ ਤੇ ਸੁੰਦਰ ਸਿੰਘ ਦੇ ਸਿਰ
ਹੀਨ ਧੜ ਪਏ ਸਨ ਜਿਨ੍ਹਾਂ ਉਪਰ ਕਈ ਕਈ ਜ਼ਖਮ ਸਨ, ਪਰ
ਸਰਦਾਰ ਬਹਾਦਰ ਸਿੰਘ ਦੇ ਸ਼ਰੀਰ ਦਾ ਕੋਈ ਅੰਗ ਭੀ ਸਾਬਤ ਨਾ
ਸੀ। ਵੈਰੀਆਂ ਨੇ ਉਸਦੇ ਸਰੀਰ ਦਾ ਮਾਨੋ ਕੀਮਾ ਕਰ ਸਿਟਿਆ ਸੀ।
ਸਾਰੇ ਸਰੀਰ ਦੀ ਬੋਟੀ ਬੋਟੀ ਕੀਤੀ ਪਈ ਸੀ। ਜਿਨ੍ਹਾਂ ਨੂੰ ਦੇਖ ਕੇ
ਸਾਡੇ ਰੋਂਗਟੇ ਖੜੇ ਹੋ ਗਏ। ਅਸੀਂ ਸਾਰੀ ਰਾਤ ਜਾਗਦੇ ਰ
ਪਹਿਰਾ ਦਿੰਦੇ ਰਹੇ ਸਾਂ ਪਰ ਸਾਨੂੰ ਕੁਛ ਪਤਾ ਨਹੀਂ ਲਗਾ ਕਿ
ਵੈਰੀ ਕਦ, ਕਿਸਤਰਾਂ, ਤੇ ਕਿਸ ਰਾਹ ਥਾਣੀ ਨਿਕਲ ਕੇ ਚਲੇ ਗਏ ?
ਉਹ ਗ਼ਾਰ ਖਾਲੀ ਪਈ ਸੀ। ਇਹ ਪਤਾ ਲਗਦਾ ਸੀ ਕਿ ਉਸ ਵਿਚ
ਬਹੁਤ ਸਾਰੇ ਪਠਾਣ ਸਨ, ਜਿਨ੍ਹਾਂ ਨਾਲ ਸਰਦਾਰ ਹੁਰਾਂ ਦਾ ਟਾਕਰਾ
ਹੋਇਆ। ਅਸੀਂ ਬੁਕਾਂ ਨਾਲ ਮਾਸ ਇਕੱਠਾ ਕਰਕੇ ਬੜੀ ਮੁਸ਼ਕਲ
ਨਾਲ ਲੋਥਾਂ ਦਾ ਸਸਕਾਰ ਕੀਤਾ, ਅਤੇ ਇਹ ਦਰਦ ਸ਼ੋਕ, ਤੇ ਕਹਿਰ
ਭਰੀ ਖਬਰ ਲੈਕੇ ਏਥੇ ਪੁਜੇ ਹਾਂ।" ਸਾਹਿਬ ਬਹਾਦਰ ਤਾਂ ਵਿਚੇ ਵਿਚ
"ਹੋ ! ਬਹੁਟ ਬੁਰਾ ਹੁਆ ਸਰਡਾਰ ਸਾਹਿਬ ਗਲਟੀ ਕੀਆ ਅੰਡਰ
ਨਹੀ ਜਾਣਾ ਚਾਹੀਏ ਠਾ" ਆਦਿਕ ਆਖ ਆਖਕੇ ਹਉਕੇ ਭਰਦਾ
ਸੀ ਪਰ ਸਰਦਾਰ ਨਿਹਾਲ ਸਿੰਘ ਨੇ ਉਕਤ ਸਾਰੀ ਕਹਾਣੀ ਨੂੰ ਡਾਢੇ
ਗੌਹ ਨਾਲ ਦਮ ਘੁਟ ਕੇ ਸੁਣਿਆ। ਮਿਤ੍ਰ ਦੀ ਮੌਤ ਸੁਣ ਕੇ ਜੋ
ਦੁਖ ਤੇ ਅਫਸੋਸ ਸਰਦਾਰ ਦੇ ਚਿਹਰੇ ਉਪਰ ਛਾ ਗਿਆ ਸੀ, ਓਹ
ਹੁਣ ਬਿਲਕੁਲ ਨਹੀਂ। ਮਿਤ੍ਰ ਦੀ ਬਹਾਦੁਰਾਨਾਂ ਮੌਤ, ਸੂਰਮ ਗਤੀ
ਤੇ ਬਹਾਦੁਰੀ ਦੀ ਕਾਰ ਨੇ ਉਸਦੇ ਡੁਲ੍ਹ ਰਹੇ ਅਥਰੂ ਸੁਕਾ ਦਿਤੇ।
ਪਿਆਰ ਤੇ ਬਦਲੇ ਜੋਸ਼ ਨਾਲ ਚਿਹਰਾ ਲਾਲ ਹੋ ਗਿਆ, ਅਖੀਆਂ
ਵਿਚ ਅੱਗ ਭੜਕ ਉਠੀ। ਦੰਦਾਂ ਨਾਲ ਬੁਲ ਟੁਕਦੇ ਹੋਇਆਂ

ਸਰਦਾਰ ਨਿਹਾਲ ਸਿੰਘ ਨੇ ਫਰੰਗੀ ਨੂੰ ਸਲਾਮ ਕਰਕੇ ਓਥੇ ਹੀ ਕਿਹਾ:-

"ਹਜ਼ੂਰ ! ਆਪ ਨੂੰ ਪਤਾ ਹੀ ਹੈ ਕਿ ਸਰਦਾਰ ਬਹਾਦਰ ਸਿੰਘ ਦਾ ਤੇ ਮੇਰਾ ਭਰਾਵਾਂ ਨਾਲੋਂ ਵਧ ਮਿਤ੍ਰਾਨਾ ਸੀ। ਕਈ ਜੰਗਾਂ ਵਿਚ ਅਸੀਂ ਦੋਵੇਂ ਸ਼ਰਤਾਂ ਬਨ੍ਹ ਕੇ, ਇਕ ਦੂਜੇ ਤੋਂ ਅਗੇ ਹੋ ਕੇ ਲੜਦੇ ਰਹੇ ਹਾਂ। ਜਿਸ ਦਿਨ ਸਰਦਾਰ ਬਹਾਦੁਰ ਸਿੰਘ ਹਜ਼ੂਰ ਦੇ ਕੌੜੇ ਬਚਨ ਸੁਣਿ, ਗੁਸਾ ਖਾਕੇ ਤੁਰਿਆ ਸੀ ਮੈਨੂੰ ਉਸੇ ਦਿਨ ਹੀ ਖਿਆਲ ਸੀ ਕਿ ਇਹ ਜ਼ਰੂਰ ਇਕ ਦੂੰ ਇਕ ਕਰਕੇ ਹੀ ਮੁੜੇ ਗਾ। ਪਰ ਇਹ ਪਤਾ ਨਾ ਸੀ ਕਿ ਹੋਣੀ ਇਸ ਤਰ੍ਹਾਂ ਵਰਤੇਗੀ। ਖੈਰ! ਕੁਝ ਭੀ ਹੋਵੇ ਉਹ ਬਹਾਦੁਰਾਨਾ ਮੌਤ ਮਰਿਆ ਹੈ। ਵੈਰੀਆਂ ਨਾਲ ਸੌਂਹੇ ਮਥੇ ਡਟਕੇ ਜੁਝਿਆ ਹੈ। ਹੁਣ ਆਪ ਕ੍ਰਿਪਾ ਕਰਕੇ ਮੈਨੂੰ ਆਗਿਆ ਦੇਵੋ ਜੋ ਮੈਂ ਹੈਦਰ ਖਾਨ ਨੂੰ ਢੂੰਡਾਂ। ਮੈਂ ਭੀ ਇਹ ਪ੍ਰਣ ਕਰਦਾ ਹਾਂ ਕਿ ਜੇ ਮੁੜਿਆ ਤਾਂ ਹੈਦਰ ਨੂੰ ਲੈਕੇ ਆਊਂ, ਨਹੀਂ ਤਾਂ ਸਰਦਾਰ ਬਹਾਦਰ ਸਿੰਘ ਦੇ ਪਾਸ ਹੀ ਜਾ ਡੇਰੇ ਲਾਊਂ। ਬਸ ਮੈਨੂੰ ਹੁਣੇ ਹੀ ਆਗਿਆ ਦੇ ਦੇਵੋ।"

ਨਸ਼ੇ ਨਾਲ ਰੱਜੇ ਹੋਏ ਅੰਗ੍ਰੇਜ਼ ਨੇ Alright, you Can go ਠੀਕ ਹੈ ਤੂੰ ਜਾ ਸਕਦਾ ਹੈਂ, ਆਖਦੇ ਹੋਇਆਂ ਕਿਹਾ:—

"ਡੇਖੋ ਨਿਹਾਲ ਸਿੰਘ! ਟੁਮ ਸਰਡਾਰ ਬਹਾਡਰ ਸਿੰਘ ਕੀ ਟਰਾ ਬੇਵਕੂਫੀ ਮਟ ਕਰਨਾ। ਉਸਕੀ ਗਲਟੀ ਸੇ ਉਸਕਾ ਮੌਟ ਹੂਆ. ਔਰ ਹਮਾਰਾ ਡੋ ਸਿਪਾਹੀ ਮਾਡਾ ਗਿਆ।"

ਫਰੰਗੀ ਦੀਆਂ ਗਲਾਂ ਸੁਣਕੇ ਸਰਦਾਰ ਨਿਹਾਲ ਸਿੰਘ ਦੇ ਕਾਲਜੇ ਵਿਚ ਦੁਖ ਦਾ ਭਾਂਬੜ ਬਲ ਉਠਿਆ। ਕ੍ਰੋਧ ਨਾਲ

ਉਸਦੇ ਬੁਲ੍ਹ ਫਰਕਣ ਲਗ ਪਏ, ਪਰ ਫੌਜੀ ਕਾਨੂੰਨ ਦਾ ਬੱਧਾ ਹੋਇਆ, ਗੁਲਾਮੀ ਦੇ ਸੰਗਲਾਂ ਵਿਚ ਜਕੜਿਆ ਹੋਇਆ, ਪਰਾਧੀਨਤਾ ਦੇ ਪਿੰਜਰੇ ਦਾ ਪੰਖੇਰੂ ਅੰਦਰੇ ਅੰਦਰ ਦੁੱਖ ਨੂੰ ਪੀ ਜਾਣ ਤੋਂ ਸਿਵਾ ਕਰ ਹੀ ਕੀ ਸਕਦਾ ਸੀ? ਚੁੱਪ ਰਿਹਾ ਤੇ ਸਲਾਮ ਕਰਕੇ, ਸਾਹਿਬ ਕੋਲੋਂ "ਅਬਾਊਟ ਟਰਨ" ਦਾ ਹੁਕਮ ਸੁਣਦਿਆਂ ਹੀ ਸਿਪਾਹੀਆਂ ਸਣੇ ਕੋਠੀਓਂ ਬਾਹਰ ਹੋ ਤੁਰਿਆ।

---

(੪)

ਸਰਦਾਰ ਨਿਹਾਲ ਸਿੰਘ ਨਾਲ ਇਕ ਹੌਲਦਾਰ ਅਤੇ ਦਸ ਸਿਪਾਹੀ ਸਨ। ਆਪ ਪਸ਼ਤੋ ਜ਼ਬਾਨ ਦੇ ਅਛੇ ਜਾਣੂ ਸਨ। ਚਿਰ ਤੋਂ ਏਥੇ ਰਹਿਣ ਨਾਲ ਆਸ ਪਾਸ ਦੇ ਪਿੰਡਾਂ ਵਿਚ ਭੀ ਸਰਦਾਰ ਨਿਹਾਲ ਸਿੰਘ ਦੀ ਅੱਛੀ ਵਾਕਫੀ ਤੇ ਜਾਣ ਪਛਾਣ ਸੀ।

ਆਜ਼ਾਦ ਤਬੀਅਤ ਤੇ ਖਰਚੀਲਾ ਸੁਭਾਉ ਹੋਣ ਕਰਕੇ, ਇੱਜ਼ਤ ਤੇ ਲਿਹਾਜ ਭੀ ਘਣਾ ਸੀ।

ਇਕੱਲਮ ਇਕੱਲਿਆਂ ਰਾਤ ਬਰਾਤੇ ਇਨ੍ਹਾਂ ਪਿੰਡਾਂ ਵਿਚ ਫਿਰ ਜਾਣਾ, ਪਿਆਰ ਨਾਲ ਲੜ ਝਗੜ ਕੇ, ਘਰਾਂ ਵਿਚੋਂ ਮੁਰਗੇ, ਦੁੰਬੇ, ਤੇ ਬੱਕਰੇ ਖਰੀਦ ਲੈ ਜਾਣੇ ਇਸੇ ਦਾ ਕੰਮ ਸੀ। ਇਨ੍ਹਾਂ ਲਾਗਲੇ ਦਸਾਂ ਪੰਦਰ੍ਹਾਂ ਕੋਹਾਂ ਦੇ ਪਿੰਡਾਂ ਦੇ ਸਭ ਬੰਦੇ ਸਰਦਾਰ ਹੁਰਾਂ ਨੂੰ ਜਾਣਦੇ ਤੇ ਪਿਆਰ ਕਰਦੇ ਸਨ।

ਜਿਸ ਹੈਦਰ ਖਾਨ ਦੀਆਂ ਸਰਦਾਰ ਨੇ ਇਨ੍ਹਾਂ ਹੀ ਪਿੰਡਾਂ ਦੀਆਂ ਪੰਚਾਇਤਾਂ ਵਿਚ ਬੈਠਕੇ ਸਿਫਤਾਂ ਕੀਤੀਆਂ ਸਨ, ਉਸਦੀ ਬਹਾਦੁਰੀ ਦੀ ਦਾਦ ਦਿੱਤੀ ਸੀ ਉਸਦੀ ਸੂਰਮਗਤੀ ਤੇ ਜੁਆਨੀ

ਧਾ ਸਲਾਹਿਆ ਸੀ। ਉਸ਼ਦੀ ਈਮਾਨਦਾਰੀ ਤੇ ਗ਼ਰੀਬ ਪਰਵਰੀ
ਾ,ਲ ਹਮਦਰਦੀ ਪ੍ਰਗਟ ਕੀਤੀ ਸੀ, ਅੱਜ ਉਸੇ ਹੈਦਰ ਖਾਨ
ਪੀਪਰ ਚੜ੍ਹਿਆ ਸੁਣਕੇ, ਉਸਦੇ ਮਾਰਨ ਨੂੰ ਨਿਕਲਿਆ ਸੁਣਕੇ,
ਤੇਂਡਾਂ ਵਿਚ ਨਫਰਤ ਫੈਲ ਗਈ। ਸਰਦਾਰ ਨਿਹਾਲ ਸਿੰਘ ਦੇ
ਮਖ਼ ਦੀ ਚੜ੍ਹਾਈ ਦੀ ਖਬਰ, ਬਿਜੁਲੀ ਵਾਂਗ ਪਿੰਡਾਂ ਵਿਚ ਫਿਰ
ਈ। ਪਠਾਣਾਂ ਦੇ ਪਿਆਰ ਤੇ ਪ੍ਰਸੰਸਾਂ ਭਰੇ ਚਿਹਰੇ, ਅਜ
ਰਦਾਰ ਨਿਹਾਲ ਸਿੰਘ ਨੂੰ ਨਫਰਤ ਨਾਲ ਦੇਖਦੇ ਨਜ਼ਰ ਆਉਂਦੇ
ਨ, ਪਰ ਕਰ ਕੀ ਸਕਦਾ ਸੀ। ਨੌਕਰੀ, ਨੌਕਰੀ ਹੀ ਹੋਈ।

ਆਹ ! ਭਾਰਤ ! ਅਭਾਗੇ ਭਾਰਤ !! ਤੇਰੇ ਬਹਾਦੁਰ ਪਰ
ਸ ਲੈ ਹੋਏ, ਗੁਲਾਮੀ ਦੇ ਨਸ਼ੇ ਵਿਚ ਮਸਤ, ਜੀਉਂਦੇ ਪਰ ਮੋਇਆਂ
। ਰਾਬਰ ਸਪੁਤ੍ਰਾਂ ਦੇ ਹਥੋਂ ਕੀ ਕੀ ਪਾਪ ਨਹੀਂ ਹੋਏ ? ਜਿਸ
ਭੀ ਗ ਨੇ ਬਹਾਦੁਰ ਤੇ ਆਜ਼ਾਦ ਪਠਾਣਾਂ ਦੇ ਘਾਣ ਲਾਹੇ,
ਸ ਸ਼ਮਸ਼ੇਰ ਨੇ ਚੀਨੀਆਂ ਤੇ ਤਿੱਬਤੀਆਂ ਦੇ ਲਹੂ ਵਹਾਏ।
ਮਾਹੋ ਜੀ ! ਜਿਹੜੀ ਤਲਵਾਰ ਨੇ ਸਮੁੰਦ੍ਰੋਂ ਪਾਰ ਬੈਠੇ ਜਰਮਨ
ਆਨਾਂ ਦੇ ਪਵਿਤ੍ਰ ਖੂਨ ਵਿਚ ਰੱਜ ਰੱਜਕੇ ਅਸ਼ਨਾਨ ਕੀਤੇ, ਕੀ
ਹ ਸ੍ਰੀ ਸਾਹਿਬ ਸੈ ਰਖਿਆ ਲਈ ਨਾ ਉੱਠੂ ? ਦੂਜਿਆਂ ਲਈ
ਗਰਮਾਉਣ ਵਾਲਾ ਖੂਨ ਕੀ ਸੈ ਰਖਿਆ ਲਈ, ਸੁਤੰਤ੍ਰਤਾ, ਸਚਾਈ
ਇਨਸਾਫ ਲਈ ਨਾ ਜੋਸ਼ ਮਾਰੂ ? ਤੇ ਕਦ ਤਦ ਨਾ
ਾਰੂ ? ਆਹ:-

ਸਾਨੂੰ ਮਾਰਿ ਗੁਲਾਮੀ ਨੇ ਛਾਰ ਕੀਤਾ,
ਆ ਸ਼ਹੀਦੀਏ ਦੇਸ਼ ਵਸਾਉਂਦੀ ਜਾ।
ਪਰਵਸ-ਪਿੰਜਰੇ ਪਿਆਂ ਪੰਖੇਰੂਆਂ ਨੂੰ,
ਤਾੜੀ ਪ੍ਰੇਮ ਦੀ ਮਾਰਿ ਉਡ਼ਾਉਂਦੀ ਜਾ।

ਧਰਮ ਸ਼ਰਮ ਦਾ ਰੁੱਖ ਨਾ ਸੁੱਕ ਜਾਵੇ,
ਜੜ੍ਹੀਂ ਖ਼ੂਨ ਅਸਾਡੜੇ ਪਾਉਂਦੀ ਜਾ ।
'ਦੁਖੀ' ਦੇਸ਼ ਸੁਤੰਤ੍ਰਤਾ ਲਈ ਬੇ ਸ਼ਕ,
ਚੱਪੇ ਚੱਪੇ ਤੇ ਸੀਸ ਲਗਾਉਂਦਾ ਜਾ ।*

——

(੫)

ਸੁਵੇਰ ਦਾ ਵੇਲਾ, ਠੰਡੀ ਠੰਡੀ ਪੌਣ ਚਲ ਰਹੀ ਹੈ। ਫੁਲਾਂ ਦੇ ਖੁਦ ਰੌ ਬੂਟੇ ਉੱਗੇ ਹੋਏ ਹੋਣ ਕਰਕੇ ਸੁਹਣੀ ਸੁ ਫੈਲ ਰਹੀ ਹੈ।

ਸੋਚ ਅਸ਼ਨਾਨ ਤੋਂ ਵਿਹਲਾ ਹੋ, ਉਚੇ ਥਾਂ, ਪੱਥਰ ਦੀ ਸਿਲਾ ਉਤੇ ਸਰਦਾਰ ਪਾਠ ਕਰਨ ਬੈਠ ਗਿਆ। ਪਰ ਅਜ ਵਿਚ ਚਿੱਤ ਹੀ ਨਹੀਂ ਜਮਦਾ। ਖਿਆਲ ਰਹਿ ਰਹਿ ਕੇ ਸੋਚ ਘੋੜ ਦੌੜ ਵਿਚ ਪਿਆ ਹੋਇਆ ਹੈ। ਜਿਉਂ ਤਿਉਂ ਕਰਕੇ ਮੁਕਾਇਆ ਤੇ ਸਰਦਾਰ ਇਉਂ ਸੋਚੀਂ ਪੈ ਗਿਆ:—

ਕਈ ਦਿਨ ਲੰਘ ਗਏ। ਮੁਜ਼ੀ ਪਠਾਣ ਟੱਕਰਿਆ। ਖ ਨਹੀਂ ਕਿਸ ਖੁੰਦਰ ਵਿਚ ਜਾ ਵੜਿਆ? ਹੋ ਸਕਦਾ ਹੈ ਕਿਤੇ ਸੌ ਮੀਲ ਲਾਂਭੇ ਚਲਾ ਗਿਆ ਹੋਵੇ। ਨਹੀਂ ਨਹੀਂ? ਉਹ ਆ ਇਲਾਕੇ ਨੂੰ ਛੱਡਕੇ ਬਾਹਰ ਕਿਤੇ ਨਹੀਂ ਜਾ ਸਕਦਾ। ਉਹ ਹੈ ਜ਼

---

*ਇਹ ਲੇਖ ੧੯੩੯ ਵਿਚ ਲਿਖਿਆ ਸੀ ਜਦ ਕਿ ਭ ਵਰਸ਼ ਅਜੇ ਗੁਲਾਮੀ ਦੇ ਕਰੜੇ ਸੰਗਲਾਂ ਵਿਚ ਜਕੜਿ ਹੋਇਆ ਹੀ ਸੀ।

ਏਥੇ ਹੀ, ਕਿਤੇ ਨੇੜੇ ਤੇੜੇ, ਪਰ ਕੋਈ ਭੇਦੁ ਨਹੀਂ ਦੱਸਦਾ। ਲਾਲਚ ਭੀ ਬਥੇਰਾ ਦੇ ਚੁਕਾ ਹਾਂ। ਉਸਦੀ ਬਹਾਦੁਰੀ, ਨਰਮਾਈ, ਸਚਾਈ ਤੇ ਧਰਮਗੱਜਤਾ ਨੇ ਲੋਕਾਂ ਤੇ ਅੱਛਾ ਅਸਰ ਪਾਇਆ ਹੋਇਆ ਹੈ। ਅਸਲ ਵਿਚ ਪਠਾਣ ਹਨ ਬਹਾਦਰ! ਪਰ ਮੈਂ ਕਦ ਤਕ ਇਸ ਤਰਾਂ ਫਿਰਦਾ ਰਹਾਂ ਗਾ। ਕੁਛ ਭੀ ਹੋਵੇ ਬਿਨਾਂ ਦੋ ਹੱਥ ਕੀਤਿਆਂ ਤਾਂ ਮੈਂ ਭੀ ਪਿਛਾਂ ਨਹੀਂ ਮੁੜਨ ਲਗਾ। ਦੁਨੀਆਂ ਬਦਲ ਜਾਵੇ ਪਰ ਮੇਰਾ ਪ੍ਰਣ ਨਹੀਂ ਬਦਲੇ ਗਾ। ਬੱਸ ਜਾਂ ਤਾਂ ਉਸ ਪਠਾਣ ਹੱਥੋਂ ਸ਼ਹੀਦ ਹੋ ਗਿਆ ਤੇ ਜਾਂ ਉਸ ਨੂੰ ਮਾਰ ਕੇ ਮਿਤ੍ਰ ਦਾ ਬਦਲਾ ਲੈ ਲਿਆ। ਨਹੀਂ ਨਹੀਂ! ਮੈਂ ਉਸ ਨੂੰ ਜੀਉਂਦਾ ਫੜਕੇ ਲੈ ਜਾਵਾਂਗਾ, ਹੈ ਤਾਂ ਉਹ ਭੀ ਬੜਾ ਬਹਾਦੁਰ, ਸੂਰਮਾ ਜਵਾਨ, ਪਰ ਖੈਰ! ਮੈਂ ਭੀ ਤਾਂ ਆਪਣੀ ਮਾਂ ਦਾ ਇਕੋ ਇਕ ਪੁਤ੍ਰ ਹਾਂ। ਹਾਰ ਤਾਂ ਅਜ ਤਕ ਮੈਂ ਭੀ ਕਿਸੇ ਤੋਂ ਨਹੀਂ ਮੰਨੀ। ਦੋ ਹਥ ਹੋਣ ਤੋਂ ਹੀ ਪਤਾ ਲਗੂ ਘੁਲਨ ਦਾ ਹੁਣੇ ਹੀ ਤਾਂ ਮਜ਼ਾ ਆਉਣਾ ਹੈ। ਖੈਰ! ਕੁਛ ਭੀ ਹੋਵੇ ਮੈਂ ਪਤਾ ਕੱਢੇ ਬਿਨਾ ਨਹੀਂ ਮੁੜ ਸਕਦਾ ਸਤਿਗੁਰੂ ਮਿਹਰ ਕਰੁ! ਵੈਰੀ ਨਾਲ ਦੋ ਹਥ ਕਰਾਂ। ਜਾਂ ਏਧਰ ਜਾਂ ਓਧਰ। ਇਕ ਪਾਸੇ ਫੈਸਲਾ ਤਾਂ ਹੋ ਜਾਵੇ। ਹੈਦਰ ਖਾਨ। ਤੂੰ ਬਹਾਦੁਰ ਹੈਂ। ਸੂਰਮਾ ਹੈਂ, ਦਲੇਰ ਹੈਂ! ਆ! ਤੂੰ ਹੀ ਸੋਹੇਂ ਆ!, ਆ ਮੇਰੇ ਇਕੱਲੇ ਨਾਲ ਇਕੱਲਾ ਟੱਕਰੁ। ਮੈਂ ਇਨ੍ਹਾਂ ਸਿਪਾਹੀਆਂ ਨੂੰ ਦੂਰ ਹਟਾ ਦਿਆਂਗਾ।" ਆਦਿ

ਸਰਦਾਰ ਇਉਂ ਸੋਚਾਂ ਦੇ ਸਮੁੰਦ੍ਰ ਵਿਚ ਗੋਤੇ ਖਾ ਹੀ ਰਿਹਾ ਸੀ ਕਿ ਇਕ ਸੂਹੇ ਨੇ ਆ ਹੈਦਰ ਖਾਨ ਦੀ ਖਬਰੁ ਦਿਤੀ। ਬਦਲੇ ਦੀ ਅੱਗ ਭੜਕ ਉੱਠੀ ਸਰਦਾਰ ਦਾ ਦਿਲੁ ਬੱਲੀਏ ਉੱਛਲਿਆ ਤੇ ਸਰਦਾਰ ਸੂਹੇ ਦੇ ਨਾਲ ਹੋ ਲਿਆ ਸਰਦਾਰ ਨੂੰ ਕੀ ਪਤਾ ਸੀ ਕਿ ਹੈਦਰ ਖਾਨ ਉਸਦੇ ਉਪਰ ਵਾਰ ਦੋ ਢਾਈ ਸੌ ਗਜ਼ ਦੇ ਫਾਸਲੇ ਤੇ ਹੀ ਬੈਠਾ ਹੈ।

ਸੂਰਜ ਭਗਵਾਨ ਜੋ ਕੰਦਰਾਂ ਗ਼ਾਰਾਂ ਵਿਚ ਦੋਪਹਿਰ ਨੂੰ ਨਹੀਂ ਜਾਂਦਾ ਤਾਂ ਚੋਟੀਆਂ ਤੇ ਸਵੇਰੇ ਹੀ ਝਾਤੀਆਂ ਮਾਰਨ ਲਗ ਜਾ ਹੈ। ਪਹਿਲਾਂ ਤਾਂ ਖ਼ੂਨੀ ਰੰਗ ਦੀ ਪੋਸ਼ਾਕੇ ਦਰਸ਼ਨ ਦਿੰਦਾ ਹੈ ਪਰ ਧੱਕੇ ਦੀ ਬੀਮਾਰੀ ਨਾਲ ਮਾਰੇ ਹੋਏ ਨੌਜਵਾਨ ਵਾਂਗ ਪੀਲਾ ਮੂੰਹ ਲੈਂਦਾ ਹੈ, ਤੇ ਆਖਰ ਨੂੰ ਸ਼ਾਇਦ ਨਿਆਣਿਆਂ ਦੀਆਂ ਗਾਲਾਂ ਸੁ ਕ੍ਰੋਧ ਵਿਚ ਆ ਜਾਂਦਾ ਹੈ ਤੇ ਆਪਣਾ ਮੂੰਹ ਅੰਗਿਆਰ ਵਰਗਾ ਕ ਤੇਜ਼ ਅਖੀਆਂ ਨਾਲ ਦੇਖਦਾ ਹੈ।

ਸਵੇਰ ਦਾ ਵੇਲਾ ਪਹਾੜ ਦੀ ਚੋਟੀ ਉਪਰ ਚਟਾਨ ਨਾਲ ਲਾਈ, ਬਹਾਦੁਰ ਹੈਦਰ ਖਾਨ ਕੁੜਤਾ ਲਾਹੀ ਧੁਪ ਸੇਕ ਰਿਹਾ ਹੈ ਉਸਦੇ ਅੱਗੇ ਤੰਬੂ ਵਾਂਗ ਉਸਦਾ ਦਸ ਗਜਾ ਕੁੜਤਾ ਖਿਲਾਰਿ ਹੋਇਆ ਹੈ ਅਤੇ ਨੀਝ ਲਾਈ ਜੂਆਂ ਦੇਖ ਰਿਹਾ ਹੈ।

ਉਸਦਾ ਸੋਨੇ ਰੰਗਾ ਬਦਨ ਸੂਰਜ ਦੀਆਂ ਕਿਰਨਾ ਨਾਲ ਸੰਧੂ ਅਬਰਕ ਵਾਂਗ ਚਮਕ ਰਿਹਾ ਹੈ। ਕਦੇ ਕਦੇ ਖੁਰਕਣ ਲਈ ਸਰੀਰ ਉ ਹਥੁ ਫੇਰਦਾ ਹੈ, ਅਤੇ ਕੁੜਤੇ ਦੀਆਂ ਸੀਉਣਾਂ ਵਿਚੋਂ ਫੋਲ ਫੋਲ ਗ਼ਾਰ ਜੂਆਂ ਦੇ ਘਰ ਢਾਹ ਰਿਹਾ ਹੈ। ਉਹ ਆਪਣੇ ਖਿਆਲ ਵਿਚ ਮਸਤ ਹੈ ਕੋਲਵਾਰ ਉਸਦੀ ਮਸ਼ਹੂਰ ਸੁਨਹਿਰੀ ਤਲਵਾਰ ਪਈ ਹੈ। ਬੰਦੂਕ ਚਟ ਨਾਲ ਖੜੀ ਕੀਤੀ ਹੋਈ ਹੈ, ਸਰਦਾਰ ਨੇ ਦੂਰਬੀਨ ਨਾਲ ਬੜੀ ਅ ਤਰਾਂ ਖਾਨ ਨੂੰ ਦੇਖਿਆ। ਨਿੱਕੀਆਂ ਨਿੱਕੀਆਂ ਭੂਰੀਆਂ ੨ ਕੁੰਡੀਆਂ ਮੁੱਛਾਂ, ਭਰਵਾਂ ਚਿਹਰਾ ਗਰਦਨ ਤਕ ਲੰਮੇ ਲੰਮੇ ਪਟੇ। ਜੋ ਨੀਵਾਂ ਹੋ ਨਾਲ ਕਦੇ ਕਦੇ ਚਿਹਰੇ ਉਪਰ ਮਖੇਰਨੇ ਵਾਂਗ ਆ ਪੈਂਦੇ ਹਨ, ਕੇ ਸੁਹਣੇ ਲਗਦੇ ਹਨ। ਸਰਦਾਰ ਦੇ ਦਿਲ ਵਿਚ ਪ੍ਰੇਮ, ਰਹਿਮ, ਮਿਤ੍ਰ

ਨੂੰ ਅਤੇ ਕ੍ਰੋਧ ਦੇ ਕਈ ਭਾਂਵ ਉਠਦੇ ਤੇ ਮਿਟਦੇ ਸਨ। ਅੰਤ ਨੂੰ ਬਦਲੇ ਦੀ ਅੱਗ ਭੜਕ ਉਠੀ।

ਤਿਆਰ ਬਰ ਤਿਆਰ ਹੋ, ਇਕ ਸਿਪਾਹੀ ਨੂੰ ਨਾਲ ਲੈ, ਬਹਾਦੁਰ ਸਰਦਾਰ ਚੁਪ ਚਾਪ ਪਹਾੜੀ ਦੇ ਉਹਲੇ ਹੁੰਦਾ ਹੋਇਆ ਹੈਦਰ ਖਾਨ ਵਲ ਨੂੰ ਤੁਰ ਪਿਆ। ਸਿਪਾਹੀਆਂ ਨੂੰ ਦੂਰ ਦੁਰਾਡੇ ਬਿਠਾਕੇ ਉਸਨੇ ਸਾਫ ਅਤੇ ਤਗੀਦੀ ਕਹਿ ਦਿਤਾ ਕਿ

"ਮੈਂ ਹੈਦਰ ਨਾਲ ਕੁਸ਼ਤੀ ਕਰਾਂਗਾ, ਮੇਰਾ ਇਰਾਦਾ ਉਸਨੂੰ ਜਿਉਂਦਿਆਂ ਫੜਨ ਦਾ ਹੈ। ਜਦ ਤਕ ਮੈਂ ਉਸਨੂੰ ਢਾਹ ਕੇ ਬੰਨ੍ਹ ਨਾ ਲਵਾਂ, ਤੁਸੀਂ ਬਿਲਕੁਲ ਏਥੋਂ ਨਾ ਹਿਲਣਾ ਤੇ ਨਾ ਹੀ ਗੋਲੀ ਚਲਾਉਣੀ,"

ਸਾਰੇ ਸਿਪਾਹੀ ਮੋਰਚੇ ਲਾ, ਹੈਦਰ ਖਾਨ ਤੇ ਸਰਦਾਰ ਨਿਹਾਲ ਸਿੰਘ ਦਾ ਘੋਲ ਤਮਾਸ਼ਾ ਦੇਖਣ ਲਈ ਸ਼ਿਸਤਾਂ ਬੰਨ੍ਹਕੇ ਬੈਠ ਗਏ। ਨਾਲ ਦੇ ਸਿਪਾਹੀ ਨੂੰ ਭੀ ਸਰਦਾਰ ਨੇ ਇਹੀ ਕਹਿ ਛਡਿਆ ਸੀ ਕਿ:—

"ਮੇਰੇ ਜੀਉਂਦੇ ਜੀ ਤੋਂ ਹੱਥ ਨਹੀਂ ਚੁਕਣਾ, ਮੇਰੇ ਪਿਛੋਂ ਬੇ-ਸ਼ਕ ਗੋਲੀ ਮਾਰੀਂ।"

ਸਰਦਾਰ ਨਿਹਾਲ ਸਿੰਘ ਲੁਕਦਾ ੨ ਐਨ ਪਠਾਣ ਦੇ ਸਿਰ ਉਤੇ ਜਾ ਪੁਜਾ ਜਾਂਦਿਆਂ ਹੀ ਉਸਨੇ ਪਠਾਣ ਦੀ ਤਲਵਾਰ ਤੇ ਬੰਦੂਕ ਪਰ੍ਹਾਂ ਵਗਾਹ ਮਾਰੀ। ਤੇ ਸੌਹੇਂ ਖੜੋਕੇ ਲਲਕਾਰਿਆ।

ਅਚਨ ਚੇਤ ਸਿਰ ਉਤੇ ਬਿੱਜ ਆ ਪੈਣ ਨਾਲ ਹੈਦਰ ਦੇ ਹੋਸ਼ ਗੁੰਮ ਹੋ ਗਏ। ਉਹ ਜਾਣਦਾ ਸੀ ਕਿ ਅੰਗ੍ਰੇਜ਼ੀ ਫੌਜ ਉਸਨੂੰ ਦਿਨ ਰਾਤ ਢੂੰਡ ਰਹੀ ਹੈ। ਸਰਦਾਰ ਦਾ ਇਸ ਤਰ੍ਹਾਂ ਸੌਹੇਂ ਹੋਕੇ ਲਲਕਾਰਨਾ 'ਕਿੱਲ੍ਹੇ ਦੇ ਜ਼ੋਰ' ਉਤੇ ਤਾਂਘੜਨ ਵਾਲੀ ਗੱਲ ਹੈ।

ਉਸਨੂੰ ਵਿਸ਼ਵਾਸ ਸੀ ਕਿ ਸਰਦਾਰ ਇਕੱਲਾ ਤਾਂ ਹੋਵੇਗਾ ਹੀ ਨ
ਜ਼ਰੂਰ ਇਸ ਦੇ ਨਾਲ ਹੋਰ ਮਦਦ ਗਾਰ ਸਿਪਾਹੀ ਭੀ ਹੋਣੇ ਹ
ਭਾਵੇਂ ਸਰਦਾਰ ਭੀ ਸੋਹੇਂ ਖਾਲੀ ਹਥੀਂ ਸੀ। ਪਰ ਪਠਾਣ ਦਾ ਹੌਸ
ਨਾ ਪਿਆ। ਉਹ ਘਬਰਾਕੇ ਭਜਣ ਲਗਾ ਤਾਂ ਸਰਦਾਰ ਨੇ
ਲਲਕਾਰਿਆ:-

"ਹੈਦਰ ਖਾਂਨ! ਬਹਾਦੁਰ ਬਣੁ! ਭੱਜਿਆ ਹੁਣ ਮੈਂ
ਨਹੀਂ ਜੇ ਜਾਣ ਦੇਣਾ। ਤੂੰ ਮੇਰੇ ਹਥੋਂ ਕਿਸੇ ਤਰਾਂ ਭੀ ਹੁਣ ਬਚ ਨ
ਸਕਦਾ। ਮਰਦੁ ਬਣੁ ਤੇ ਆ ਬਹਾਦੁਰਾਂ ਵਾਲੇ ਦੋ ਹਥ ਕਰੁ।'

ਪਠਾਣ ਭਜ ਕੇ ਦੂਰ ਪਈ ਤਲਵਾਰ ਨੂੰ ਲੈਣ ਪਿਆ
ਸਰਦਾਰ ਨੇ ਸ਼ੇਰ ਵਾਂਗ ਝਪਟ ਕੇ ਜਫਾ ਮਾਰਿਆ, ਲਕੋਂ ਫੜ
ਉਤਾਹਾਂ ਚੁਕਿਆ ਤੇ ਧੌਣ ਭਾਰਿ ਉਲਟਾ ਕੇ ਮਾਰਿਆ, ਫੇਰ ਹ
ਕੇ ਕਿਹਾ:-

" ਉਠ ਆ ਦੋ ਹਥ ਕਰੁ ਮਨ ਵਿਚ ਹੌਂਸ ਨਾ ਰਹਿ ਜਾਏ
ਹੁਣ ਚਿਪ ਖਾਕੇ ਪਠਾਣ ਉੱਠਿਆ ਤੇ ਦੋਵੇਂ ਗੁਥਮ ਗੁਥਾ ਹੋ ਗਏ

ਸਰਦਾਰ ਦਾ ਕੱਦੁ ਭਾਵੇਂ ਪਠਾਣ ਨਾਲੋਂ ਮਧਰਾ ਸੀ ਪ
ਸਰੀਰ ਗੁੰਦਵਾਂ ਤੇ ਤੇ ਪੂਰੀ ਜਵਾਨੀ ਵਿਚ ਭਰਿਆ ਹੋਇਆ ਸੀ
ਸਰਦਾਰ ਇਕ ਅਛਾ ਪਹਿਲਵਾਨ ਸੀ। ਇਸੇ ਕਰਕੇ ਹੀ ਇਸ
ਆਪਣੇ ਬਲ ਉਤੇ ਮਾਣੁ ਸੀ।

ਪੰਜ ਕੁ ਮਿੰਟ ਡਟ ਕੇ ਕੁਸ਼ਤੀ ਹੋਈ। ਸਰਦਾਰ ਨੇ
ਤਿਨ ਵਾਰ ਪਠਾਣ ਨੂੰ ਉਲਾਰ ਉਲਾਰ ਕੇ ਸਿਟਿਆ
ਅੰਤ ਅਸਵਾਰੀ ਪਾਕੇ ਉਪਰ ਬੈਠ ਗਿਆ। ਗੋਡੇ ਤੇ ਕੂਹਣੀ

ਰਗੜ ਸਿਟੀਆਂ ਅਤੇ ਮਿੰਟਾਂ ਵਿਚ ਹੀ ਅਲ੍ਹੜ ਪਠਾਣ ਦਮੋ ਨਿਕਲ ਗਿਆ। ਸਰਦਾਰ ਨੇ ਉਸੇ ਦੀ ਮਸ਼ੱਦੀ ਪੱਗ ਨਾਲ ਉਸਦੀਆਂ ਮੁਸ਼ਕਾਂ ਕਸ ਲਈਆਂ ਅਤੇ ਸਾਥੀਆਂ ਨੂੰ ਪਾਸ ਆਉਣ ਲਈ ਇਸ਼ਾਰਾ ਕੀਤਾ। ਮਿੰਟਾਂ ਵਿਚ ਸੂਰਮਾਂ ਬੰਨ੍ਹ ਕੇ ਅੱਗੇ ਲਾ ਲਿਆ।

---

(੭)

ਪੇਸ਼ਾਵਰ ਸ਼ਹਿਰ ਉਤੇ ਭਾਵੇਂ ਸਰਕਾਰ ਅੰਗ੍ਰੇਜ਼ੀ ਦਾ ਕਬਜ਼ਾ ਹੈ, ਪਰ ਪਠਾਣਾਂ ਦੀ ਦਿਨ ਰਾਤ ਲੁਕਣ ਮੀਟੀ ਵਾਂਗ ਮਾਰ ਧਾੜ ਦੀਆਂ ਵਾਰਦਾਤਾਂ ਨੇ ਅੰਗ੍ਰੇਜ਼ਾਂ ਦੀ ਜਾਨ ਤੰਗ ਕੀਤੀ ਹੋਈ ਹੈ। ਅਜ ਤਾਂ ਭਾਵੇਂ ਕੁਛ ਅਮਨ ਹੈ ਪਰ ਜਿਸ ਵੇਲੇ ਦਾ ਅਸੀਂ ਜ਼ਿਕਰ ਕਰਦੇ ਹਾਂ, ਉਸ ਵੇਲੇ ਰਾਤ ਨੂੰ ਤਾਂ ਭਲਾ ਸੀ ਹੀ ਅਫਗਾਨਾ ਦਾ ਰਾਜ, ਦਿਨ ਨੂੰ ਭੀ ਉਹ ਅਨੇਕ ਵਾਰਿ ਸੁਭਾਵਕ ਹੀ ਸ਼ਹਿਰ ਵਿਚ ਲੁਟ ਮਾਰ ਕਰ ਜਾਂਦੇ, ਛਾਉਣੀ ਵਿਚ ਅਨੇਕ ਸਿਪਾਹੀਆਂ ਨੂੰ ਮਾਰ ਜਾਂਦੇ ਤੇ ਬੰਦੂਕਾਂ ਖੋਹ ਕੇ ਲੈ ਜਾਂਦੇ ਸਨ। ਆਜ਼ਾਦੀ ਦੇ ਮਤਵਾਲਿਆਂ ਨੂੰ ਭਲਾ ਮੌਤ ਦਾ ਕੀ ਖੌਫ ? ਏਥੇ ਮਾਰ ਧਾੜ ਦੀਆਂ ਇਕ ਦੋ ਵਾਰਦਾਤਾਂ ਰੋਜ਼ ਹੋ ਜਾਣੀਆਂ ਇਕ ਸਾਧਾਰਨ ਜੇਹੀ ਗਲ ਹੈ।

ਅੰਗ੍ਰੇਜ਼ਾਂ ਨੂੰ ਮਾਰਨ ਵਿਚ ਤਾਂ ਇਨ੍ਹਾਂ ਪਠਾਣਾਂ ਨੂੰ ਮਾਨੋ ਕੁਛ ਖਾਸ ਸੁਆਦ ਆਉਂਦਾ ਹੈ। ਦੇਖਿਆ ਗਿਆ ਹੈ ਕਿ ਕਈਆਂ ਪਠਾਣਾਂ ਨੂੰ ਜਦ ਖੂਨ ਦੇ ਜੁਰਮ ਵਿਚ ਮੌਤ ਦੀ ਸਜ਼ਾ ਦਿੱਤੀ ਜਾਂਦੀ, ਤਾਂ ਉਹ ਆਪਣੇ ਆਪ ਨੂੰ 'ਸ਼ਹੀਦ ਹੋਣਾ' ਖਿਆਲ ਕਰਕੇ ਫ਼ਾਂਸੀ ਪ੍ਰਸੰਨਤਾ ਪ੍ਰਗਟ ਕਰਦੇ, ਤੇ ਹਸਦੇ ਹਸਦੇ ਮੌਤ ਦੇ ਮੂੰਹ ਵਲ ਨੂੰ ਜਾਂਦੇ ਹਨ। ਏਥੇ ਰੋਜ਼ ਕੋਰਟ ਮਾਰਸ਼ਲ (ਫੌਜੀ ਕਚੈਹਿਰੀ) ਲੱਗੀ ਹੀ

ਰਹਿੰਦੀ ਹੈ। ਅਫਸਰਾਂ ਨੂੰ ਛੋਟੀ ਛੋਟੀ ਗਲ ਲਈ ਭੀ ਡਾਢੀ ਸੋਚ ਤੋਂ ਕੰਮ ਲੈਣਾ ਪੈਂਦਾ ਹੈ।

ਅਜ ਭੀ ਫੌਜੀ ਕਚਹਿਰੀ ਲਗੀ ਹੋਈ ਹੈ ਕਈ ਹੋਰ ਮਾਮਲਿਆਂ ਦੇ ਨਾਲ ਹੀ ਇਕ ਬੁਢੜੀ ਦੀ ਦਰਖਾਸਤ ਹੈ। ਜੋ ਆਪਣੇ ਕੈਦੀ ਪੁਤ੍ਰ ਨੂੰ ਮਿਲਨਾ ਚਾਹੁੰਦੀ ਹੈ ਕਾਫੀ ਬਹਿਸ ਮਗਰੋਂ ਦਰਖਾਸਤ ਮਨਜ਼ੂਰ ਹੋਈ। ਮਿਲਨ ਦੀ ਆਗਿਆ ਮਿਲ ਗਈ। ਸਿਪਾਹੀ ਨੇ ਬਾਹਰ ਖੜੀ ਬੁਢੀ ਨੂੰ ਆਗਿਆ-ਪਤ੍ਰ ਜਾ ਫੜਾਇਆ।

ਹੈਦਰ ਦੀ ਮਾਂ ਦੀ ਉਮਰ ਭਾਵੇਂ ਪੰਜਾਹਾਂ ਵਰ੍ਹਿਆਂ ਦੇ ਲਗ ਭਗ ਹੈ। ਪਰ ਉਸ ਸ਼ੇਰਨੀ ਦੇ ਜਬ੍ਹੇ ਵਲ ਤੱਕ ਕੇ ਇਕ ਵਾਰਿ ਤਾਂ ਜੁਆਨ ਭੀ ਬੁਲ੍ਹਾਂ ਤੇ ਜੀਭ ਫੇਰਨ ਲਗ ਪੈਂਦੇ ਸਨ। ਇਸ ਢਲ ਚੁੱਕੀ ਉਮਰ ਵਿਚ ਭੀ ਉਸਦਾ ਸਰੀਰ ਤਨਕ ਮਾਤ੍ਰ ਨਾ ਸੀ ਝੁਕਿਆ ਸਗੋਂ ਕਾਨੇ ਵਾਂਗੂੰ ਸਿਧਾ ਸੀ। ਉਸਦੇ ਚਿਹਰੇ ਵਲ ਤਕ ਕੇ ਕੋਈ ਤੀਹਾਂ ਵਰ੍ਹਿਆਂ ਤੋਂ ਵੱਧ ਉਮਰ ਦਾ ਅਨੁਮਾਨ ਨਾ ਸੀ ਲਾ ਸਕਦਾ। ਪੌਣੇ ਛੇ ਫੁਟ ਤੋਂ ਭੀ ਆਕਰਾ, ਲੰਮਾਂ ਭਰਵਾਂ, ਅਝੁਕ ਸੁਨਹਿਰੀ ਸਰੀਰ। ਹਰਨੀ ਜੇਹੀਆਂ ਮੋਟੀਆਂ ਮੋਟੀਆਂ ਪਰ ਸ਼ੇਰਨੀ ਜੇਹੇ ਜਬ੍ਹੇ ਵਾਲੀਆਂ ਕਾਲੀਆਂ ਕਾਲੀਆਂ ਅੱਖਾਂ ਤੇ। ਚੌੜਾ ਚੰਦ ਜੇਹਾ ਮਥਾ, ਲੰਮੀ ਮੋਰਨੀ ਜੇਹੀ ਸੁਰਾਹੀ ਦਾਰ ਗਰਦਨ ਉਪਰਿ ਗੁਲਾਬ ਦੇ ਫੁਲ ਜੇਹਾ ਸਾਫ ਸੁੰਦਰ ਝੁਰੜੀ ਰਹਿਤ ਚਿਹਰਾ, ਸੁਰਮਤਾ ਦੇ ਝਲਕਾਰੇ ਦੇ ਰਿਹਾ ਸੀ। ਜਿਸਤੋਂ ਹੈਦਰ ਖਾਨ ਦੇ ਚਿਹਰੇ ਦੀ ਸਾਦ੍ਰਿਸ਼ਤਾ ਟਪਕ ਰਹੀ ਸੀ।

ਸਿਰ ਤੋਂ ਪੈਰਾਂ ਤਕ ਗੁਜਨੀ ਦੇ ਮਸ਼ਦੀ ਕਪੜੇ ਨਾਲ ਢਕੀ ਹੋਈ ਸੀ। ਇਸ ਦੇ ਨਾਲ ਇਕ ਚੌਦਾਂ ਪੰਦਰਾਂ ਸਾਲ ਦਾ ਗਭਰੇਟੁ ਸੀ, ਇਹ ਵਿਚਾਰੀ ਮਾਮਤਾ ਦੀ ਮਾਰੀ, ਮੰਨਜ਼ਿਲਾਂ ਮਾਰਦੀ, ਪੁਛਦੀ ਪੁਛਾਂਦੀ ਆਪਣੇ ਬਹਾਦਰ ਪੁਤ੍ਰ ਹੈਦਰ ਅਲੀ ਖਾਨ ਨੂੰ ਮਿਲਨ ਲਈ ਆਈ ਹੈ।

ਤੀਆਂ ਦਿਨਾਂ ਤੋਂ ਪੇਸ਼ਾਵਰ ਵਿਚ ਫਿਰ ਰਹੀ ਹੈ, ਮੁਲਾਕਾਤ ਦਾ ਕੋਈ
ਬੰਧ ਨਹੀਂ ਹੁੰਦਾ ਦਿਸਦਾ। ਇਹ ਵਿਚਾਰੀ ਖੁਦ ਅਨਪੜ੍ਹ ਹੈ।
ਰੇਜ਼ੀ ਕੈਦੀਆਂ ਨੂੰ ਮਿਲਨ ਦੇ ਢੰਗਾਂ ਤੋਂ ਅਨਜਾਣ ਹੈ। ਬਾਰ ਬਾਰ
ਾਂ ਉਨ੍ਹੀ ਦੀ ਹੱਦ ਤੇ ਖੜੇ ਪਹਿਰੇ ਵਾਲੇ ਸਿਪਾਹੀ ਨੂੰ ਹੈਦਰ ਬਾਬਤ
ਪੁਛਦੀ ਹੈ। ਕਈ ਦਿਨ ਏਵੇਂ ਹੀ ਟੱਕਰਾਂ ਮਾਰਦੀ ਨੂੰ ਹੋ ਗਏ। ਇਕ
ਰ ਇਕ ਸਿੱਖ ਸਿਪਾਹੀ ਨੂੰ ਖੜਾ ਦੇਖਕੇ ਇਹ ਜਾ ਹੈਦਰ ਦੀਆਂ
ਰ ਲਾਂ ਪੁਛਣ ਲਗੀ। ਇਹ ਸਿਖ ਸਿਪਾਹੀ ਭੀ ਅੱਛੀ ਪਸ਼ਤੋ ਜਾਣਦਾ
, ਤੇ ਉਸਨੇ ਕਈ ਦਿਨਾਂ ਤੋਂ ਇਸ ਬੁੱਢੜੀ ਨੂੰ ਟਕਰਾਂ ਮਾਰਦੀ ਭੁਟਕਦੀ
ਡਿਠਾ ਭੀ ਸੀ। ਇਸਨੇ ਇਸਦੀ ਸਾਰੀ ਵਾਰਤਾ ਸੁਣਿਕੇ, ਕਿਸੇ
ਕੀਲ ਰਾਹੀਂ ਦਰਖਾਸਤ ਕਰਨ ਲਈ ਕਿਹਾ, ਤੇ ਆਪਣੇ ਜਾਣੂ
ਕ ਵਕੀਲ ਦਾ ਠਿਕਾਣਾ ਹੀ ਨਹੀਂ ਦਿਤਾ ਸਗੋਂ ਆਪ ਨਾਲ ਲੈ
ਕੇ ਉਸਨੂੰ ਸਭ ਕੁਛ ਸਮਝਾਕੇ ਦਰਖਾਸਤ ਲਿਖਵਾ ਦਿੱਤੀ। ਜੋ
ਜ ਪੰਦਰਾਂ ਦਿਨਾਂ ਪਿਛੋਂ ਮਨਜ਼ੂਰ ਹੋਈ ਹੈ।

---

(੮)

ਚਹੁੰ ਸਿਪਾਹੀਆਂ ਦੇ ਪਹਿਰੇ ਵਿਚ ਹੈਦਰ ਦੀ ਮਾਂ ਫੌਜੀ ਕੋਰਟ
ਾਰਦ ਵਿਚ ਪੁਜੀ। ਮੁਲਾਕਾਤ ਤੋਂ ਪਹਿਲਾਂ ਸਿਪਾਹੀਆਂ ਨੇ ਉਸਦੀ
ਲਾਸ਼ੀ ਲੈਣੀ ਚਾਹੀ ਪਰ ਉਸਦੀ ਸ਼ੇਰਨੀ ਜੇਹੀ ਇਕੋ ਘੁਰਕੀ ਨੇ ਚੁਪ
ਰਾ ਦਿਤੇ। ਉਨ੍ਹੀ ਭੀ 'ਹਊ ਪਰੇ' ਕਰਕੇ ਸਮਾਂ ਲੰਘਾ ਲੈਣਾ ਹੀ
ਛਿਆ ਜਾਤਾ।

ਜੇਠ ਹਾੜ ਦੇ ਦਿਨ, ਗਰਮੀ ਆਪਣੇ ਜੋਰਾਂ ਵਿਚ ਹੈ। ਹੈਦਰ
ਾਨ ਨੂੰ ਭਾਵੇਂ ਕੋਠੜੀ ਵਿਚੋਂ ਕੱਢਣ ਦਾ ਹੁਕਮ ਨਹੀਂ, ਪਰ ਸਰਦਾਰ
ਸੰਭਾਲ ਸਿੰਘ ਦੋਪਹਿਰ ਦੇ ਦੋ ਤਿਨ ਘੰਟੇ ਹਥਕੜੀ ਲਾ, ਬਾਹਰ

ਪਿਪਲ ਹੇਠਾਂ ਬੈਠਾਲ ਹੀ ਦਿੰਦਾ ਕਈਆਂ ਦਿਨਾਂ ਤੋਂ ਇਕੱਠੇ ਰ
ਕਰਕੇ ਹੁਣ ਇਨ੍ਹਾਂ ਦੋਹਾਂ (ਸ: ਨਿਹਾਲ ਸਿੰਘ ਤੇ ਹੈਦਰ ਅਲੀ ਖ
ਸੂਰਮਿਆਂ ਵਿਚ ਮਾਨੋ ਮਿਤ੍ਰਤਾ ਜੇਹੀ ਹੋ ਗਈ ਸੀ। ਅੱਜ ਭੀ ਨ
ਬਾਹਰ ਪਿੱਪਲ ਹੇਠਾਂ ਹੀ ਬੈਠਾ ਸੀ ਜਦ ਉਸਦੀ ਮਾਂ ਉਸਨੂੰ ਮਿ
ਲਈ ਪੁੱਜੀ। ਵਿਹੰਦਿਆਂ ਸਾਰ ਦੋਹਾਂ ਮਾਂ ਬੇਟੇ ਦਿਆਂ ਹਿਰਦ
ਵਿਚ ਪ੍ਰੇਮ ਦੀ ਝਰਨਾਟ ਫਿਰ ਗਈ। ਹੈਦਰ ਦੀਆਂ ਅੱਖਾਂ
ਪ੍ਰੇਮ ਅਥਰੂ ਭਰ ਆਏ ਤੇ ਵਿਹੰਦਿਆਂ ੨ ਮੋਤੀਆਂ ਵਾਂਗ ਉ
ਮੈਲੇ ਪਰ ਸਾਦੇ ਝਗੁਲੇ ਉਪਰ ਰਿੜ੍ਹਕੇ ਜ਼ਮੀਨ ਵਿਚ ਮਿਲ ਰ
ਮਾਨੋਂ ਹੈਦਰ ਨੂੰ ਮਿਟੀ ਵਿਚ ਮਿਲਨ ਲਈ ਗਿਆਤ ਕਰ
ਹਨ। ਮਾਂ ਦਾ ਦਿਲ ਭੀ ਉੱਛਲ ਆਇਆ, ਪਰ ਉਹ ਆ
ਅੱਥਰੂ ਵਿਚੇ ਵਿਚ ਪੀ ਗਈ ਤੇ ਕੜਕਵੀਂ ਆਵਾਜ਼ ਵਿਚ ਬੋਲੀ:

'ਰੋਨਾ ਕਿਉਂ ਏਂ? ਹੌਸਲਾ ਕਰੁ, ਮਰਦਾਂ ਤੇ ਮੁਸੀ
ਪੈਂਦੀਆਂ ਹੀ ਹੁੰਦੀਆਂ ਹਨ ਨਾ?'

ਕੁਛ ਚਿਰ ਲਈ ਮਾਂ ਪੁਤ ਦੀਆਂ ਸੁਹਣੀਆਂ ਖੁ
ਗੱਲਾਂ ਹੋਈਆਂ।

ਮਾਂ ਦੇ ਹੌਸਲੇ ਭਰੇ ਬਚਨਾਂ ਨੇ ਬਹਾਦਰ ਹੈਦਰ
ਹੌਸਲਾ ਦੂਣਾ ਕਰ ਦਿੱਤਾ। ਉਸਨੇ ਆਪਣੀ ਬਾਹਾਦੁਰੀ
ਕਾਰਨਾਮੇ ਹੋਰ ਭੀ ਛਾਤੀ ਫੁਲਾ ਫੁਲਾ ਸੁਣਾਏ। ਪੁਤ੍ਰ
ਬਹਾਦੁਰੀ ਸੁਣ ਸੁਣਕੇ ਮਾਂ ਦੀਆਂ ਰਗਾਂ ਵਿਚ ਖੂਨ ਗ
ਰਿਹਾ ਸੀ, ਤੇ ਉਸਦਾ ਸਾਹ ਖੁਸ਼ੀ ਦੀ ਗਰਮੀ ਵਿਚ ਤੇਜ਼
ਰਿਹਾ ਸੀ।

ਬਹਾਦਰ ਮਾਂ ਦਾ ਪੁਤ ਹੈਦਰ ਸੂਰਮਾ ਸੀ। ਸੂਰਮੇ, ਸੂ

ਦੁਸ਼ਮਨ ਦੀ ਭੀ ਬਹਾਦੁਰੀ ਪ੍ਰਗਟ ਕਰਨੋਂ ਸੰਕੋਚ ਨਹੀਂ ਕਰਦੇ, ਇਸ ਲਈ ਜਦ ਉਸਦੇ ਫੜੇ ਜਾਣ ਦਾ ਜ਼ਿਕਰ ਆਇਆ, ਤਾਂ ਹੈਦਰ ਨੇ ਸਰਦਾਰ ਨਿਹਾਲ ਸਿੰਘ ਦਾ ਘੁਲਨਾ, ਤੇ ਗਾਹਕੇ, ਹੰਭਾਕੇ ਉਸਦੀਆਂ ਮੁਸ਼ਕਾਂ ਬੰਨ੍ਹਣ ਦਾ ਹਾਲ ਨਿਹਸੰਕੋਚ ਸਾਂਗੋ ਪਾਂਗ ਮਾਂ ਨੂੰ ਕਹਿ ਦਿੱਤਾ।

ਭਾਵੇਂ ਇਸਦੀ ਮਾਂ ਅਗੇ ਭੀ ਇਸਦੀ ਗ੍ਰਿਫਤਾਰੀ ਦੀ ਕਹਾਣੀ ਸੁਣ ਚੁਕੀ ਸੀ, ਪਰ ਆਪਣੇ ਪੁਤ੍ਰ ਦੀ ਜ਼ਬਾਨੀ ਸੁਣਕੇ ਤਾਂ ਉਸਦਾ ਹਿਰਦਾ ਫੜਕ ਉਠਿਆ। ਪ੍ਰੇਮ ਤੇ ਈਰਖਾ ਦੀ ਅੱਗ ਭੜਕ ਉਠੀ ਉਸਨੇ ਸੂਰਮੇ ਪੁਤ੍ਰ ਦੇ ਫੜਨ ਵਾਲੇ ਸੂਰਮੇ ਸਰਦਾਰ ਨਿਹਾਲ ਸਿੰਘ ਨੂੰ ਮਿਲਨ ਦੀ ਇੱਛਾ ਪ੍ਰਗਟ ਕੀਤੀ।

ਸਰਦਾਰ ਹੁਰੀਂ ਭੀ ਥੋੜੀ ਦੂਰ ਤੇ ਹੀ ਲੰਮੇ ਪਏ ਹੋਏ ਸਨ। ਸਿਪਾਹੀ ਨੇ ਜਗਾਏ ਤੇ ਹੈਦਰ ਦੀ ਮਾਂ ਦੀ ਇੱਛਾ ਬਾਰੇ ਦਸਿਆ।

ਸਰਦਾਰ ਹੁਰੀਂ ਆਏ। ਭਰਵੀਂ ਜਵਾਨੀ ਕੁੰਡੇ ਮੁਛਹਿਰੇ, ਨੀਂਦੇ ਅਲਸਾਈਆਂ ਮਸਤਾਨੀਆਂ ਅੱਖਾਂ। ਸਰਦਾਰ ਨੇ ਔਂਦਿਆਂ ਹੀ ਪਸ਼ਤੋ ਵਿਚ 'ਮਾਂ' ਆਖਕੇ ਸਲਾਮ ਕਿਹਾ।

ਪਠਾਣੀ ਨੇ ਸਰਦਾਰ ਨੂੰ ਤੱਕਿਆ ਇਕੋ ਨਜ਼ਰ ਨਾਲ, ਉਸਦੇ ਹਿਰਦੇ ਦਾ ਪ੍ਰੇਮ ਠਾਠਾਂ ਮਾਰ ਉਠਿਆ। 'ਮਾਂ' ਦਾ ਸ਼ਬਦ ਸੁਣਕੇ ਉਸਨੂੰ ਪੁਤ੍ਰ ਦਾ ਵੈਰੀ ਸਿਖ ਭੀ ਪੁਤ੍ਰ ਵਤ ਹੀ ਪਿਆਰਾ ਲੱਗਾ। ਝੱਟ ਖੜੋ ਗਈ। ਪਿਆਰ ਦਿੱਤਾ। ਤੇ ਗਲਵੱਕੜੀ ਵਿਚ ਲੈ ਮੱਥਾ ਚੁੰਮ ਲਿਆ।

ਭਾਵੇਂ ਮੁਸਲਮਾਨਣੀ ਸੀ। ਪੜਦੇ ਵਿਚ ਰਹਿਣ ਵਾਲੀ,

ਕਿਸੇ ਮਰਦ ਨਾਲ ਗੱਲ ਤਕ ਕਰਨੀ ਗੁਨਾਹ ਸਮਝਦੀ ਸੀ। ਪਰ ਦ
ਪ੍ਰੇਮ ਦੀ ਕੋਈ ਹੱਦ ਨਹੀਂ, ਅੱਜ ਇਕ ਸਿਖ ਨਾਲ ਖੁਲ੍ਹਕੇ ਗੱਲਾਂ ਕਰ ਰਹੀ ਹੈ। ਗੱਲਾਂ ਹੀ ਨਹੀਂ ਉਸਨੂੰ ਜੱਫੀ ਵਿਚ ਲੈਕੇ, ਪੁੱਤਾਂ ਜੇਹਾ ਪਿਆਰ ਕਰ ਰਹੀ ਹੈ। ਪਿਆਰ ਦੇ ਰਹੀ ਤੇ ਮੱਥਾ ਚੁੰਮ ਰਹੀ ਹੈ। ਸ਼ਰਹ ਦੇ ਸੰਗਲ ਟੁੱਟ ਗਏ। ਧਰਮ ਦੀ ਚਾਦਰ ਪਾਟ ਗਈ, ਤੇ ਮਜ਼ਹਬ ਦੀ ਕੈਦੋਂ ਆਜ਼ਾਦ ਹੈ।

ਸਰਦਾਰ ਹੁਰੀਂ ਭੀ ਪਸ਼ਤੋ ਵਿਚ ਕਮਾਲ ਦੇ ਮਾਹਰ ਸਨ, ਜੋੜਏ, ਖੁਸ਼ ਹਾਲਏ, (ਅੱਛੇ ਹੋ, ਖੁਸ਼ ਹੋ) ਹੋਣ ਦੇ ਪਿਛੋਂ, ਕਾਫੀ ਗੱਲਾਂ ਹੋਈਆਂ। ਬਹਾਦਰ ਪੁਤ੍ਰ ਦੀ ਬਹਾਦਰ ਮਾਂ ਨੇ ਬਹਾਦਰ ਵੈਰੀ ਨੂੰ ਭੀ 'ਮਰਹਬਾ' ਆਖਿਆ। ਤੁਰਨ ਲਗੀ ਨੇ ਕਿਹਾ:—

"ਸ਼ਾਬਾਸ਼! ਸਿਖਾ! ਤੂੰ ਧੰਨ ਹੈਂ! ਤੇਰਾ ਗੁਰੂ ਧੱਨ ਹੈ! ਆਫਰੀਨ ਹੈ ਤੇਰੇ, ਤੇਰੀ ਬਹਾਦਰ ਮਾਂ ਦੇ, ਜਿਸਨੇ ਤੈਨੂੰ ਜਨਮ ਦਿੱਤਾ। ਸਦ ਆਫਰੀਨ ਹੈ ਤੇਰੇ ਖਾਨਦਾਨ ਦੇ, ਤੇਰੀ ਬਹਾਦੁਰੀ ਦੇ, ਬੱਚਾ! ਮੈਨੂੰ ਹੈਦਰ ਦੇ ਛੜੇ ਜਾਣ ਦਾ ਅਫਸੋਸ ਨਹੀਂ, ਮੇਰੀ ਦਿਲੀ ਚਾਹ ਉਸ ਬਹਾਦਰ ਨੂੰ ਦੇਖਣ ਦੀ ਸੀ, ਜਿਸਨੇ ਮੇਰੇ ਹੈਦਰ ਨੂੰ ਲਲਕਾਰ ਕੇ, ਢਾਹਕੇ ਫੜਿਆ। ਮੈਨੂੰ ਦੁਖ ਨਹੀਂ, ਕਿਉਂਕਿ ਮੇਰਾ ਹੈਦਰ ਕਿਸੇ ਮੁੜ੍ਹੀ ਦੇ ਹਥ ਨਹੀਂ ਆਇਆ। ਇਸਨੇ ਅਨੇਕਾਂ ਕਾਫਰਾਂ ਨੂੰ ਜਹੱਨਮਿ ਭੇਜਿਆ। ਅਨੇਕਾਂ ਬੁਜ਼ਦਿਲਾਂ ਨੂੰ ਤਲਵਾਰ ਦੇ ਘਾਟ ਉਤਾਰਿਆ। ਅਨੇਕਾਂ ਜ਼ਾਲਮਾਂ ਨੂੰ ਗੋਲੀ ਦਾ ਨਿਸ਼ਾਨਾ ਕੀਤਾ। ਮਰਨਾਂ ਤਾਂ ਅੰਤ ਸਭ ਨੇ ਹੀ ਹੈ ਪਰ ਮੌਤ ਭੀ ਸੂਰਮੇ ਦੇ ਹਥੋਂ ਹੋਵੇ ਤਾਂ ਅਹੋ ਮੁਬਾਰਕ।"

ਤੁਰਦੀ ਵਾਰ ਪਠਾਣੀ ਨੇ ਫੇਰਿ ਹੈਦਰ ਤੇ ਸਰਦਾਰ ਨਿਹਾਲ ਸਿੰਘ ਵਲ ਤਕਿਆ। ਦੋਹਾਂ ਨੂੰ ਪਿਆਰ ਦਿਤਾ, ਅੰਤ

ਦਾ ਹਾਫਜ਼" ਆਖਦੀ ਤੇ ਦਲੇਰੀ ਭਰੇ ਸ਼ਬਦ ਆਖਦੀ
ਛਿਦਾ ਹੋਈ ।

ਆਹ ਮਾਂ ਦਾ ਦਿਲ, ਮਮਤਾ ਮਾਰੀ ਮਾਂ । ਬਹਾਦੁਰੀ
ਉਪਦੇਸ਼ ਦਿੰਦੀ ਦਿੰਦੀ, ਅੰਤ ਨੂੰ ਮੋਹ ਦੇ ਵਹਿਣ ਵਿਚ
ਤੁਰੀ । ਜੁਦਾ ਹੁੰਦਿਆਂ ਹੀ, ਪਿਛਾਂ ਕਦਮ ਪੁਟਦਿਆਂ
ਵਿਛੁੜਨ ਦੇ ਖਿਆਲ ਨੇ, ਅਗਲੀ ਹੋਣਹਾਰ ਦਾ ਨਕਸ਼ਾ
ਦੀਆਂ ਅੱਖਾਂ ਅਗੇ ਲਿਆ ਧਰਿਆ ।

ਜ਼ੰਜੀਰਾਂ ਵਿਚ ਬੱਧੇ ਪੁਤ੍ਰ ਵਲ ਤੱਕਿਆ, ਤੇ ਫੇਰ ਤੱਕਿਆ
ਦੇ ਅਕਾਸ਼ ਤੇ ਦੁਖਾਂ ਬੱਦਲ ਛਾ ਗਏ ਅੱਖਾਂ ਅਗੇ ਭਿਆਨਕ
ਟਾਂ ਦੇ ਤਰਾਰੇ ਉਡਣ ਲਗ ਪਏ । ਹਿਰਦਾ ਦ੍ਰਵ ਗਿਆ । ਦਿਲ
ਗੁਬਾਰ ਧੂਆਂ ਬਣਕੇ ਸਿਰ ਨੂੰ ਚੜ੍ਹਿਆ ਅਖਾਂ ਭਰ ਆਈਆਂ ।
ਦੇ ਹੰਝੂ 'ਤ੍ਰਿਪ ਤ੍ਰਿਪ' ਰੇਸ਼ਮੀ ਕੁੜਤੀ ਉਪਰ ਦੀ, ਮੋਤੀਆਂ ਦੇ
ਹਾਰ ਵਾਂਗ, ਡਿਗਣੇ ਸ਼ੁਰੂ ਹੋ ਗਏ । ਉਹ ਇਕ ਮਿੰਟ ਭਰ ਲਈ
ਹੋ ਗਈ । ਮੁੜ ਪੁਤ੍ਰ ਵਲ ਦੇਖਿਆ । ਲੰਮਾ ਸਾਹ ਭਰਿਆ,
ਰੂ ਨਾ ਰੁਕ ਸਕੇ । ਰੋਣ ਦੀ ਝੜੀ ਲਗ ਗਈ । ਅਖੀਆਂ ਦੇ
ਵਹਿ ਤੁਰੇ । ਹਾਂ ! ਬਹਾਦੁਰ ਮਾਂ ! ਅਸੀਰ ਹੋ ਗਈ । ਉਹ
ਵਲ ਦੇਖਦੀ ਸੀ । ਹੈਦਰ ਪਹਿਲਾਂ ਤਾਂ ਜ਼ਰਾ ਕੁ ਰੋਇਆ, ਪਰ
ਹੌਂਸਲਾ ਕੀਤੀ ਖੜਾ ਮਾਂ ਨੂੰ ਧੀਰਜ ਦੇ ਰਿਹਾ ਸੀ ।

ਪ੍ਰੇਮ ਦੇ ਰੰਗ ! ਹੁਣ ਅਜੇ ਮਾਂ ਪੁਤ ਨੂੰ ਹੌਸਲਾ ਦਿੰਦੀ ਸੀ,
ਹੁਣ ਪੁਤ੍ਰ ਮਾਂ ਨੂੰ ਧੀਰਜ ਦੇ ਰਿਹਾ ਹੈ । ਮਾਂ ਹੈਦਰ ਵਲ ਦੇਖ ਰਹੀ

ਸੀ। ਚੁਪ ਚਾਪ ਦੇਖਿ ਰ੍ਹੀ ਸੀ। ਰੋ ਰਹੀ ਸੀ।

ਹੁਣ ਮਾਂ ਦਾ ਪੁਤ੍ਰ-ਮੋਹ ਹੋਰ ਭੀ ਉਮ੍ਹੜਿਆ। ਕੋਲ ਨਿਹਾਲ ਸਿੰਘ ਜਿਸਨੂੰ ਹੁਣੇ ਅਜੇ ਉਹ ਹੈਦਰ ਨਾਲੋਂ ਭੀ ਵਧ ਪਿ ਸਮਝਦੀ ਸੀ। ਕਾਲ ਰੂਪ ਦਿਖਾਈ ਦੇਣ ਲਗਾ ਕ੍ਰੋਧ ਨਾਲ ਉ ਖ਼ੂਨ ਗਰਮਾ ਗਿਆ। ਰੋਣਾ ਬੰਦ ਹੋ ਗਿਆ। ਅੱਖਾਂ ਲਾਲ ਹੋ ਗਇ ਜੋ ਕ੍ਰੋਧ ਦੇ ਪ੍ਰਕਾਸ਼ ਤੇ ਹਿਰਦੇ ਪ੍ਰਭਾਵ ਨੂੰ ਸਪਸ਼ਟ ਪ੍ਰਗਟ ਕਰ ਰ ਸਨ। ਚਿਹਰਾ ਕ੍ਰੋਧਾਗ਼ਨੀ ਨਾਲ ਤਮਤਮਾ ਉਠਿਆ। ਬੁਲ੍ਹ ਫ ਲਗ ਪਏ। ਪ੍ਰੇਮ ਦਾ ਪ੍ਰਭਾਵ ਕ੍ਰੋਧ ਵਿਚ ਪਲਟ ਗਿਆ ਤੇ ਪੁਤ੍ਰ ਦਾ ਬਦਲਾ ਲੈਣ ਦੇ ਪ੍ਰਕੋਪ ਵਿਚ, ਚੋਲੀ ਵਿਚੋਂ, ਸੁਨ ਆਬਦਾਰ ਖੰਜਰ ਸੂਤ ਕੇ, ਗਰਜਦੀ ਤੇ ਕੜਕਦੀ ਹੋਈ ਫੱਟੜ ਸ਼ੇ ਵਾਂਗ, ਸਿੰਘ ਸਾਹਿਬ ਤੇ ਕੁਦ ਪਈ। ਸੁਹਣਾ ਤੁਲਵਾਂ ਵਾਰ ਕੀ ਉਸਦੀ ਫੁਰਤੀ ਸਲਾਹੁਣ ਯੋਗ ਸੀ।

ਜੇ ਸਰਦਾਰ ਡਾਢੀ ਹੁਸ਼ਿਆਰੀ ਨਾਲ ਆਪਣਾ ਆਪ ਬਚੌਂਦੇ ਤਾਂ ਬੇੜਾ ਪਾਰ ਸੀ।

ਭਾਵੇਂ ਪਠਾਣੀ ਨੇ ਕਮਾਲ ਕੀਤਾ ਸੀ ਪਰ ਸਿੰਘ ਜੀ ਨੇ ਡਾਢੀ ਫੁਰਤੀ ਨਾਲ ਉਸਦੇ ਹੱਥ ਨੂੰ ਪਰੇ ਝਟਕਿਆ ਖੰਜਰ ਦੀ ਫੇਰ ਭੀ ਪੇਟੀ ਨੂੰ ਚੀਰਦੀ ਹੋਈ ਬੱਖੀ ਨੂੰ ਜ਼ਖਮੀ ਕਰ ਗਈ।

ਮਾਂ ਵਲਿ ਦੇਖਿ ਹੈਦਰ ਦੇ ਖ਼ੂਨ ਨੇ ਭੀ ਜੋਸ਼ ਖਾਧਾ। ਸੂਰਮਾ ਜ਼ਵਾਨ ਸੀ। ਸਿਪਾਹੀਆਂ ਨਾਲ ਗੁਥਮਗੁਥਾ ਹੋਈ ਮਾਂ ਨੂੰ ਦੇਖਿ, ਉ ਅਜੇਹਾ ਝਟਕਾ ਮਾਰਿਆ। ਉਸਦੀ ਹਥਕੜੀ ਕੱਚ ਦੀ ਵੰਗ ਵ ਟੁਟ ਗਈ। ਉਹ ਭੀ ਮਾਂ ਦੀ ਮਦਦ ਲਈ ਉਮਢਿਆ ਤੇ 'ਅਲੀ ਅ ਕਰਦਾ ਸਰਦਾਰ ਨਿਹਾਲ ਸਿੰਘ ਵਲ ਝੁਕਿਆ। ਪਰ ਬਹਾਦੁਰ ਸਰਦ

ਨੇ ਭੁਲੱਥੇ ਵਾਲਾ ਦਾਉ ਤੇ ਝੱਟ ਮੋੜਾ ਕਰਕੇ ਅਗੇ ਲਾ ਲਿਆ ਲਕੋਂ ਚੁਕ ਚੁਕਿ ਦੇ ਵਾਰਿ ਜ਼ਮੀਨ ਨਾਲਿ ਮਾਰਿਆ। ਪਠਾਣ ਦਾ ਜੋਸ਼ ਠੰਡਾ ਹੋ ਗਿਆ। ਮੁਸ਼ਕਾਂ ਬੰਨ੍ਹਕੇ ਮੁੜਿ ਕੋਠੜੀ ਵਿਚ ਦੇ ਦਿਤਾ ਤੇ ਪੁਛਿਆ:—

'ਕਿਉਂ ਖਾਨ ! ਕੀ ਹਾਲੁ ਹੈ'

ਹੁਣ ਖਾਨ ਦੀ ਮਾਂ ਮਰ ਜਾਏ ਜੇ ਬੋਲੇ। ਉਹ ਸਿਰੁ ਨੀਵਾਂ ਸਿੱਟੀ ਬੈਠਾ ਸੀ। ਉਸਦੀ ਮਾਂ ਨੂੰ ਅਫਸਰ ਦੇ ਪੇਸ਼ ਕੀਤਾ, ਤੇ ਕਸੂਰ ਮਾਫ ਕਰਕੇ ਛਾਉਣੀ ਦੀ ਹੱਦੋਂ ਬਾਹਰ ਕੀਤਾ ਗਿਆ। ਸਰਦਾਰ ਨਿਹਾਲ ਸਿੰਘ ਦੀ ਬਹਾਦੁਰੀ ਨੂੰ ਇਕੁ ਹੋਰ ਖੰਭ ਲੱਗ ਗਿਆ।

ਅਸੀਂ ਉਪਰ ਦਸ ਆਏ ਹਾਂ ਕਿ ਹੈਦਰ ਖਾਨ ਦਾ ਸਾਰੇ ਪਾਕਿਸਤਾਨ ਇਲਾਕੇ ਵਿਚ, ਅੱਛਾ ਮਾਨ ਸੀ, ਇਜ਼ਤ ਤੇ ਰੁਅਬ ਸੀ।

ਪੇਸ਼ਾਵਰ ਪਹੁੰਚਕੇ ਭੀ ਇਸਦੇ ਛੁਡਾਉਣ ਲਈ ਕਈ ਇਕੱਲੇ ਦੁਕੱਲੇ ਹੱਲੇ ਹੋਏ। ਕਈ ਮਨ-ਚਲੇ ਪਠਾਣ ਇਸਦਾ ਬਦਲਾ ਲੈਣ ਆਏ ਮਾਰੇ ਗਏ। ਕਈ ਸਰਕਾਰੀ ਸਿਪਾਹੀ, ਇਸਦੇ ਬਦਲੇ ਵਿਚ, ਪਠਾਣਾਂ ਦਿਆਂ ਛੁਰਿਆਂ ਤੇ ਗੋਲੀਆਂ ਨਾਲਿ ਸਦਾ ਦੀ ਨੀਂਦੇ ਸੌਂ ਗਏ। ਛਾਉਣੀ ਵਿਚ ਰੋਜ਼ ਇਕ ਅੱਧੀ ਵਾਰਦਾਤ ਹੋ ਹੀ ਜਾਂਦੀ ਸੀ। ਹੈਦਰ ਖੁਦ ਭੀ ਡਾਢਾ ਮਨ ਚਲਾ ਸੀ। ਉਸਨੇ ਕਈ ਵਾਰਿ ਭੱਜਣ ਦੀ ਕੋਸ਼ਸ਼ ਕੀਤੀ, ਪਰ ਬਦਕਿਸਮਤੀ ਨੇ ਉਸਦਾ ਪਿਛਾ ਨਾ ਹੀ ਛਡਿਆ।

ਇਕ ਵਾਰਿ ਅਨ੍ਹੇਰੀ ਰਾਤੇ ਗਰਮੀਆਂ ਦੇ ਦਿਨ ਹੋਣ ਕਰਕੇ, ਹੈਦਰ ਦਾ ਮੰਜਾ ਭੀ ਕੋਠੜੀ ਤੋਂ ਬਾਹਰ ਸੀ। ਦੋਹਾਂ ਹੱਥਾਂ ਨੂੰ ਸੂਤੜੀ ਦੀ

ਮੋਟੀ ਲੱਜੁ ਨਾਲ ਅੱਛੀ ਤਰ੍ਹਾਂ ਬੱਨ੍ਹਕੇ ਮੰਜੇ ਨਾਲ ਬੱਧਾ ਹੋਇਆ ਸੀ, ਪ
ਤੇ ਨਾਲ ਹੀ ਹਥਕੜੀ ਭੀ ਲੱਗੀ ਹੋਈ ਸੀ। ਉਪਰ. ਪਹਿਰੇਦਾਰ ਲ
ਪਹਿਰਾ ਦਿੰਦਾ ਸੀ।

ਰਾਤ ਦੇ ਦੋ ਖੜਕੇ। ਪਹਿਰਾ ਬਦਲੀ ਹੋਇਆ। ਸਰਦਾਰ ਨਿਹਾਲ ਸਿੰਘ ਹੁਰਾਂ ਦੀ ਹੀ ਗਾਰਦ ਸੀ। ਸਰਦਾਰ ਹੁਰੀਂ ਭੀ ਪੇਸ਼ਾਬ ਲਈ ਉਠੇ। ਸਿਪਾਹੀ ਟਹਿਲਦਾ ਟਹਿਲਦਾ ਜ਼ਰਾ ਦੂਜੀ ਤਰਫ ਨੂੰ ਗਿਆ ਹੋਇਆ ਸੀ। ਪਿਪਲ ਦੇ ਪਤਿਆਂ ਵਿਚ ਦੀ ਛਣਕੇ ਆ ਰਹੀ, ਪਿਛਲੀ ਰਾਤ ਦੇ—ਸੋਕੜੇ ਦੇ ਮਾਰੇ ਬਾਲ ਦੇ ਜੀਵਨ ਜੇਹੇ—ਚੰਦ ਦੀ ਚਾਨਣੀ ਦਾ ਝੁੰਣਾ ਜਿਹਾ ਪੈ ਰਿਹਾ ਸੀ, ਹੈਦਰ ਦਾ ਮੰਜਾ ਕੋਰਟ ਗਾਰਦ ਦੇ ਬਰਾਂਡੇ ਵਿਚ ਸੀ। ਚਿੱਟੀ ਚਾਦਰ ਤਾਣੀ ਘੁਰਾੜੇ ਮਾਰ ਰਹੇ ਹੈਦਰ ਦੇ ਮੰਜੇ ਉਤੇ ਸਰਦਾਰ ਹੁਰਾਂ ਨੂੰ ਕੁਛ ਸ਼ਕ ਜਿਹਾ ਪਿਆ। ਉਸਦੇ ਹੱਥ ਹਿਲਦੇ ਮਲੂਮ ਹੋਏ। ਸਾਧਾਰਨ ਸ਼ੱਕ ਮੂਜਬ ਸਰਦਾਰ ਨਿਹਾਲ ਸਿੰਘ ਨੇ, ਕੋਲ ਆ, ਹੈਦਰ ਦੀ ਚਾਦਰ ਉਪਰੋਂ ਲਾਹ ਦਿਤੀ। ਚਾਦਰ ਚੁਕਣ ਦੀ ਦੇਰਿ ਸੀ ਕਿ ਪਠਾਣ ਖੁੰਬ ਵਾਂਗ ਉਠਿ ਬੈਠਾ ਤੇ ਭੱਜ ਨਿਕਲਿਆ। ਪਰ ਜਾਣਾ ਕਿੱਥੇ ਸੀ? ਅਲਾਰਮ ਖੜਕ ਗਿਆ। ਪਜਾਹਾਂ ਕੁ ਕਦਮਾਂ ਤੇ ਹੀ ਸਰਦਾਰ ਨਿਹਾਲ ਸਿੰਘ ਨੇ, ਚਿੱਤਰੇ ਵਾਂਗ ਛਾਲ ਮਾਰਕੇ ਜਾ ਢਾਹਿਆ ਤੇ ਭੇਡ੍ਹ ਵਾਂਗ ਅਗੇ ਲਾ ਲਿਆ। ਸੱਚ ਮੁਚ ਹੀ ਪਠਾਣਾ ਉਪਰ ਸਿੱਖਾਂ ਦਾ ਦਾਬਾ ਹੈ।

---

(੧੨)

ਇਹੋ ਜੇਹੀਆਂ ਕਈ ਵਾਰਦਾਤਾਂ ਹੋ ਚੁਕੀਆਂ ਤੇ ਕਬੀਲਿਆਂ ਵਿਚ ਭੀ ਕੁਛ ਕਾਨਾਫੂਸੀ ਹੋਣ ਦੀਆਂ ਖਬਰਾਂ ਪੁਜੀਆਂ। ਕਈ

ਪਠਾਣ ਟੋਲੀਆਂ ਬੰਨ੍ਹੀ ਰਾਤ ਬਰਾਤੇ ਛਾਉਣੀ ਦੇ ਉਦਾਲੇ ਚੱਕਰ ਲਾਉਂਦੇ ਤੱਕੇ ਗਏ। ਰਾਜਨੀਤਰੱਜ ਅੰਗ੍ਰੇਜ਼ ਨੇ ਹੈਦਰ ਨੂੰ ਪੇਸ਼ਾਵਰ ਤੋਂ ਉਰ੍ਹਾਂ ਪੰਜਾਬ ਵਲ ਨੂੰ ਬਦਲ ਦੇਣਾ ਹੀ ਅੱਛਾ ਜਾਤਾ।

ਸਰਦਾਰ ਨਿਹਾਲ ਸਿੰਘ ਤੇ ਚਾਰ ਫੌਜੀ ਸਿਪਾਹੀਆਂ ਦੀ ਗਾਰਦ ਨਾਲ ਹੈਦਰ ਨੂੰ ਪੇਸ਼ਾਵਰ ਛਾਉਣੀ ਤੋਂ ਗੱਡੀ ਚਾੜਿਆ ਗਿਆ ।

ਸਵੇਰ ਦਾ ਵੇਲਾ, ਸੂਰਜ ਭਗਵਾਨ ਦਾ ਰਥੁ ਨਿਕਲਨ ਦੀ ਅਗਵਾਈ ਵਿਚ, ਪਹੁ ਫੁਟਾਲੇ ਦੀ ਲਾਲੀ ਮਾਨੋ ਦਿਨ ਦਾ ਸੁਨੇਹਾ ਦੇ ਰਹੀ ਸੀ। ਭਿੱਨੀ ਭਿੱਨੀ ਠੰਡ ਤੇ ਨਾਲ ਭੱਜੀ ਜਾਂਦੀ ਰੇਲ ਦੀ ਤ੍ਰੈਲ ਭਿੱਜੀ ਹਵਾ, ਗੱਡੀ ਦੇ ਚੱਲਣ ਦੀ ਸਨਸਨਾਹਟ ਤੇ ਨਾਲ ਨਾਲਿ ਸਰਵਾੜਾਂ ਵਿਚਿ ਬਿੰਡਿਆਂ ਤੇ ਝੀਂਗਰਾਂ ਦੀ 'ਟੀਂ ਈਂ ਈਂ ਈਂ' ਤੇ 'ਝੀਂ ਈਂ ਈਂ ਈਂ' ਦੀ ਮਨੋਹਰ ਆਵਾਜ਼ ਨਾਲ, ਉਨ੍ਹੀਂਦੇ ਸਿਪਾਹੀਆਂ ਨੂੰ ਭੀ ਨੀਂਦ ਰਾਣੀ ਝੂਟੇ ਦੇਣ ਲਗ ਪਈ।

ਗੱਡੀ ਅਟਕ ਦਰਿਆ ਉਪਰ ਪੁੱਜੀ ਹੈਦਰ ਨੇ—ਜੋ ਇਕ ਪਾਸੇ ਕੋਣੇ ਲਗ ਕੇ ਬੈਠਾ ਸੀ—ਝਟਕਾ ਮਾਰਿ, ਹਥਕੜੀ ਦੀ ਸੰਗੁਲੀ ਸਿਪਾਹੀ ਹਥੋਂ ਛੁੜਾ ਦਰਿਆ ਵਿਚ ਛਾਲ ਮਾਰ ਦਿੱਤੀ। ਉਸ਼ਦੇ ਮਗਰੇ ਹੀ ਸਰਦਾਰ ਨਿਹਾਲ ਸਿੰਘ ਭੀ ਕੁੱਦ ਪਏ। ਗੱਡੀ ਵਿਚ 'ਹਾ ਹਾ ਕਾਰ' ਮਚ ਗਈ ਪਰ ਕੋਈ ਕਰ ਕੀ ਸਕਦਾ ਸੀ। ਹੈਦਰ ਅਲੀ ਖਾਂ ਸੁਹਣਾ ਤੈਰਾਕ ਸੀ ਪਰ ਸਰਦਾਰ ਨਿਹਾਲ ਸਿੰਘ ਭੀ ਚੁਣਵੇਂ ਚੁਣਵੇਂ ਤਾਰੂਆਂ ਵਿਚੋਂ ਸੀ, ਨਹੀਂ ਤਾਂ ਅਟਕ ਜੇਹੇ ਤੇਜ਼ ਤੇ ਘੁੰਮਣ ਘੇਰਾਂ ਵਾਲੇ ਡੋਬੂ ਦਰਿਆ ਵਿਚ ਠਿੱਲਣਾ ਕੋਈ ਖਾਲਾ ਜੀ ਦਾ ਘਰੁ ਨਹੀਂ।

ਪਠਾਣ ਦੇ ਹਥਕੜੀ ਲੱਗੀ ਹੋਈ ਸੀ ਤੇ ਉਸਦੇ ਪਿਛੇ ਸਰਦਾਰ ਨਿਹਾਲ ਸਿੰਘ ਸਣੇ ਫੌਜੀ ਵਰਦੀ ਤੇ ਬੇੜੀਆਂ ਨਾਲੋਂ ਭੀ ਭਾਰੇ ਬੂਟ

ਪਾਈ ਤਰਦਾ ਜਾਂਦਾ ਸੀ ਅਟਕ ਦੀ ਤੇਜ਼ ਧਾਰੇ ਅੱਖ ਦੇ ਫੋਰ ਵਿਚ ਬੰ
ਗਜ਼ਾਂ ਦਾ ਫਰਕ ਪਾ ਜਾਂਦਾ ਹੈ। ਮੀਲ ਕੁ ਉਤੇ ਜਾਕੇ ਸਰਦਾਰ
ਪਠਾਣ ਨੂੰ ਵੰਗਾਰਿਆ।

ਭਾਵੇਂ ਸਰਦਾਰ ਦੀ ਵਰਦੀ ਤੇ ਬੂਟ ਪਾਣੀ ਨਾਲ ਭਰਕੇ ਭਾ
ਭਾਰੇ ਹੋ ਗਏ ਸਨ, ਪਰ ਉਹ ਦਰਿਆ ਦੀ ਖੁਦਰੋ ਧਾਰ ਵਿਚ ਹ
ਮਾਰਦਾ ਭਰੌੜੇ ਦੇ ਨੇੜੇ ਪੁਜਦਾ ਹੀ ਜਾਂਦਾ ਸੀ। ਕੋਈ ਚਹੁੰ ਕੁ ਕੋਹਾਂ
ਜਾਕੇ ਹੈਦਰ ਕੰਢੇ ਜਾ ਲੱਗਾ ਤੇ ਭੱਜ ਤੁਰਿਆ। ਸਰਦਾਰ ਨੇ ਭੀ ਕੰ
ਲਗਿ ਲਲਕਾਰਿਆ ਤੇ ਪਿਛਾ ਕੀਤਾ। ਇਕ ਮੀਲ ਕੁ ਦੀ ਦੌੜ ਵਿ
ਹੀ ਪਠਾਣ ਦਮੋ ਨਿਕਲ ਗਿਆ ਤੇ ਸਰਦਾਰ ਨੇ ਫੇਰ ਜਾ ਫੜਿਆ
ਨਿੱਸਲ ਕਰਿ ਚਿੱਕ ਉਤੇ ਬੈਠਕੇ ਪੱਗ ਨਾਲ ਮੁਸ਼ਕਾਂ ਕਸਿ ਅੱਗੇ ਲ
ਲਿਆ। ਅਗਲੇ ਸਟੇਸ਼ਨ ਤੋਂ ਉਤਰ ਕੇ ਸਿਪਾਹੀ ਭੀ ਆ ਮਿਲੇ
ਸੂਰਮਾ ਫੇਰ ਕਾਬੂ ਆ ਗਿਆ।

---

(੧੩)

ਅੱਜ ਸ਼ਹਿਰ ਤੇ ਅੰਬਾਲਾ ਛਾਉਣੀ ਸਦਰ ਬਾਜ਼ਾਰ ਇਕ ਹੋ
ਪਏ ਹਨ। ਹੁਣ ਦੀਆਂ ਸੜਕਾਂ ਏਰੋਡਰੋਮ ਤੇ ਬਾਰਕਾਂ ਦਾ ਜਾਲ
ਤਣਿਆਂ ਪਿਆ ਹੈ। ਬਿਜੁਲੀ ਨੇ ਰਾਤ ਨੂੰ ਦਿਨ ਬਣਾਇਆ ਹੋਇਆ
ਹੈ। ਮੋਟਰਾਂ ਦੀ 'ਸਾਂ ਸਾਂ' ਤੇ ਹਵਾਈ ਜਹਾਜ਼ਾਂ ਦੀ 'ਘਾਂ ਘਾਂ' ਵਿ
ਬੰਦੇ ਨੂੰ ਪਤਾ ਹੀ ਨਹੀਂ ਲਗਦਾ ਕਿ ਮੈਂ ਕਿੱਥੇ ਹਾਂ ?

ਪਰ ਜਿਸ ਵੇਲੇ ਦਾ ਅਸੀਂ ਜ਼ਿਕਰ ਕਰ ਰਹੇ ਹਾਂ ਉਸ ਵੇਲੇ ਇਹ
ਜਗਾ ਜੰਗਲ ਤੇ ਰੇਗਸਤਾਨ ਨਾਲੋਂ ਭੀ ਭਿਆਨਕ ਸੀ।

ਸ਼ਹਿਰ ਦਾ ਸਟੇਸ਼ਨ ਲੌਂਡੂਵਾਲ ਦੇ ਸਟੇਸ਼ਨ ਨਾਲੋਂ ਵਧੀਕ

ਮਾਨ ਨਾ ਸੀ ਰੇਖਦਾ। ਕਈ ਕਈ ਮੀਲ ਪੰਧੁ ਮਾਰਕੇ ਪਿੰਡਾਂ ਦੇ ਲੋਕ ਰੇਲ ਦੇਖਣ ਲਈ ਔਂਦੇ ਹੁੰਦੇ ਸਨ। ਦਿਨ ਵਿਚ ਇਕ ਰੇਲ ਔਣੀ ਤੇ ਇਕੁ ਜਾਣੀ ਉਹ ਭੀ ਠੱਕ ਠੱਕ ਕਰਦੀ। ਲਾਇਨ ਦੇ ਨਾਲ ਨਾਲ ਸੈਂਕੜਿਆਂ ਦੀ ਗਿਣਤੀ ਵਿਚ ਖੜੇ ਪੇਂਡੂ ਇੰਜਨ ਵਲੁ ਦੇਖਿ ਦੇਖਿ ਕਈ ਤਰ੍ਹਾਂ ਦੇ ਅੰਦਾਜ਼ੇ ਪਏ ਲਾਉਂਦੇ ਹੁੰਦੇ ਸਨ। ਕਈ ਲਾਲ ਭੁਝਕੜ ਤਾਂ ਇਸ ਨੂੰ ਵਿਲਾਇਤੀ ਮੈਂਹ ਹੀ ਪਏ ਦਸਦੇ ਹੁੰਦੇ ਸਨ।

ਮੋਟਰਾਂ ਦਾ ਤਾਂ ਕਹਿਣ ਹੀ ਕੀ ਹੈ ਉਨ੍ਹੀ ਦਿਨੀ ਬਾਈਸਿਕਲ ਭੀ ਹੈ ਨਾ ਸਨ ਜੇ ਹੋਊ ਤਾਂ ਸ਼ਾਇਦ ਕੋਈ ਇਕ ਅੱਧ ਤੇ ਉਹ ਭੀ ਨਿਹਰ ਟਾਇਰਾਂ ਵਾਲਾ।

ਰਾਤ ਦਾ ਤਾਂ ਕਹਿਣਾ ਹੀ ਕੀ ਹੈ ਦੋਪਹਿਰ ਨੂੰ ਦਿਨ ਟਿਕੇ ਤੇ ਤਾਂਗੇ ਵਾਲੇ ਭੀ ਇਕੱਲੇ ਦੁਕੱਲੇ ਇਸ ਰਾਹੇ ਤੁਰਨੋਂ ਕਤਰੌਂਦੇ ਸਨ। ਗਰਮੀਆਂ ਨੂੰ ਤਾਂ ਇਹ ਥਾਂ ਸਚਮੁਚ ਹੀ ਦੋਜ਼ਖ ਦਾ ਨਮੂਨਾ ਬਣ ਜਾਂਦਾ ਸੀ। ਪਾਣੀ ਦਾ ਤੋੜਾ, ਗਰਮੀ ਦਾ ਲੋਹੜਾ, ਉਪਰੋਂ ਅਨ੍ਹੇਰੀ ਦਾ ਜ਼ੋਰ, ਉਹ ਭੀ ਲਾਲ ਤੇ ਕਾਲੀਆਂ ਬੋਲੀਆਂ। ਘਰੋਂ ਨਿਕਲਿਆ ਬੰਦਾ ਮਿੰਟਾਂ ਵਿਚ ਭੂਤ ਬਣ ਜਾਂਦਾ ਸੀ।

ਜਰਨੈਲੀ ਸੜਕ ਸਾਧਾਰਨ ਪੇਂਡੂ ਰਾਹ ਵਰਗੀ ਸੀ। ਅਨ੍ਹੇਰੀਆਂ ਜਦ ਇਸ ਸੜਕ ਤੇ ਸਫਰ ਕਰਦੀਆਂ ਤਾਂ ਅੱਜ ਕਲ ਦੇ ਹਵਾਈ ਜਹਾਜ਼ਾਂ ਦੇ ਧਕੁਆਤਰਨ (ਬੇੜੇ) ਵਾਂਗ ਚਲਦੀਆਂ ਮਲੂਮ ਹੁੰਦੀਆਂ ਸਨ। ਵਾ ਵਰੋਲੇ ਇਸੇ ਸੜਕ ਦੀ ਮਹੀਨ ਧੁੱਧਲ ਲੈਕੇ ਅਸਮਾਨ ਨੂੰ ਜਾ ਛੁਹੰਦੇ ਸਨ। ਕੋਈ ਅਭਾਗਾ ਗਰਮੀ ਦੇ ਦਿਨੀਂ ਦਿਨ ਨੂੰ ਇਕੱਲਾ ਇਸ ਰਾਹੇ ਭੁਲਕੇ ਪੈ ਜਾਵੇ ਤਾਂ ਜਾਨ ਦੇ ਲਾਲੇ ਪੈ ਜਾਂਦੇ ਸਨ।

ਇਸ ਜਰਨੈਲੀ ਸੜਕ ਦੇ ਪਹਾੜ ਵਲ ਮੁਲਕ ਦੇ ਮਾਲ
ਗੋਰੇ ਫੌਜੀਆਂ ਲਈ ਬਾਰਕਾਂ ਸਨ ਇਸ ਨੂੰ 'ਲਾਲ ਕੁੜਤੀ' ਕਿ
ਜਾਂਦਾ ਸੀ, ਉਹ ਭੀ ਮਾਮੂਲੀ ਤੇ ਥੋੜੇ ਜੇਹੇ ਥਾਂ, ਅਤੇ ਦੱਖਣ ਵ
ਗਿਣਤੀ ਦੀਆਂ ਬਾਰਕਾਂ ਹੁੰਦੀਆਂ ਸਨ ਜੋ ਦੇਸੀਆ ਦੇ ਰਹਿ
ਦੀ ਥਾਂ ਸੀ।

ਚਾਂਦ ਮਾ'ਰੀ, ਰੱਖ ਦੇ ਕੰਢੇ ਨਿਵੇਕਲੇ ਥਾਂ ਉਜਾੜ ਵਿਚ ਸ
ਤੇ ਖੁਲੇ ਭਿਆਨਕ ਮੈਦਾਨ ਛਪੜ ਦੇ ਕੰਢੇ ਕੋਲ ਵਾਰ ਬੋਹੜ ਦ
ਰੁਖ-ਜੋ ਅਜੇ ਭੀ ਹੈ—ਭੂਤਾਂ ਦਾ ਬੋਹੜ ਕਰਕੇ ਮਸ਼ਹੂਰ ਸੀ। ਚਾਂ
ਮਾਰੀ ਤੋਂ ਹੋਰ ਦਖਣ ਨੂੰ ਪੂਰਬ ਤੇ ਪਛਮ ਵਲ ਨੂੰ ਲੰਮੀ ਓਤੇ ਦਖ
ਵਲ ਨੂੰ ਚੌੜੀ ਨਾਲ ਨਾਲ ਬਨੀ ਸੰਘਣੀ ਰੱਖ ਸੀ। ਜਿਸ ਵਿ
ਗਿਦੜਾਂ, ਬਘਿਆੜਾਂ ਹਰਨਾਂ ਤੇ ਹੋਰ ਜੰਗਲੀ ਜਾਨਵਰਾਂ ਦੇ ਜ
ਮੌਜਾਂ ਮਾਣਦੇ ਸਨ। ਸੂਰਜ ਛਿਪਣ ਦੇ ਨਾਲ ਹੀ ਗਿਦੜ ਭਰਾ
ਆਪਣੇ ਰਾਗ ਅਰੰਭ ਦਿੰਦੇ ਸਨ ਅਤੇ 'ਹੁਆਂ ਹੁਆਂ ਹੁਆਂ ਹੁਆਂ
ਦੀ ਮਿਲਵੀ ਆਵਾਜ਼ ਜੁਆਕਾਂ ਨੂੰ ਅੰਦਰੀ ਪਿਆਂ ਭੀ ਲੁਕ ਜਾਣ ਨੂ
ਮਜਬੂਰ ਕਰਦੀ ਸੀ। ਇਹ ਗਿਦੜ ਭਗਤ ਕਈ ਵਾਰ ਰੋਟੀਆਂ
ਪਕੌਂਦੀ ਅਲੜ ਭੋਲੀ ਸੁਆਣੀ ਨੂੰ ਦੂਜੀ ਵਾਰ ਆਟਾ ਗੁਨ੍ਹਣ ਲਈ
ਮਜਬੂਰ ਕਰ ਦਿੰਦੇ ਸਨ।

ਸਰਕਾਰੀ ਰਸਾਲੇ ਦੇ ਘੋੜੇ ਪਾਲਣ ਦਾ ਇਹ ਜਖੀਰਾ ਸੀ।
ਸੈਆਂ ਕੋਸਾਂ ਵਿਚ ਇਹ ਰੱਖ ਏਧਰ ਪਟਿਆਲੇ ਵਲ ਤੇ ਓਧਰ
ਕਰਨਾਲ ਵਲ ਨੂੰ ਫੈਲੀ ਹੋਈ ਸੀ ਇਹੋ ਰਖ ਜੀਉਣਾ ਮੌੜ ਸੁੰਦਰ
ਤੇ ਹੋਰ ਅਨੇਕਾਂ ਡਾਕੂਆਂ ਚੋਰਾਂ ਦੀ ਪਨਾਹ ਗਾਹ ਸੀ।
ਗਲ ਕੀ ਉਸ ਸਮੇਂ ਦਾ ਹੁਣ ਨਾਲੋਂ ਜਮੀਨ ਅਸਮਾਨ
ਦਾ ਫਰਕ ਸੀ।

ਆਦਮੀ ਤਾਂ ਚੀਜ਼ ਹੀ ਕੀਹ ਹੈ ਬੰਦੀ ਖਾਨਾ ਤਾਂ ਜੰਗਲੀ ਜਾਨਵਰਾਂ ਨੂੰ ਭੀ ਨਰਮ ਕਰ ਦਿੰਦਾ ਹੈ ਸ਼ੇਰਾਂ ਨੂੰ ਭੀ ਖੋਤੇ ਬਣਾ ਕੇ ਰਖ ਦਿੰਦਾ ਹੈ। ਬੜੇ ਬੜੇ ਡਾਕੂ, ਫੁਰਾਟੇ ਮਾਰਨ ਵਾਲੇ ਸਪ ਭੀ ਚੂਹੇ ਬਣ ਕੇ ਰਾਮ ਰਾਮ ਪਏ ਜਪਣ ਲਗ ਜਾਂਦੇ ਹਨ।

ਹੈਦਰ ਵਿਚਾਰੇ ਦਾ ਉਹ ਸੁਨਹਿਰੀ ਚਮਕਦਾਰ ਰੰਗ ਤੇ ਉਹ ਸ਼ੇਰ ਜੇਹਾ ਜਬ੍ਹਾ ਪੀਲਾ ਭੂਕ ਤੇ ਬੇ ਰੌਣਕਾ ਹੋ ਗਿਆ ਹੈ। ਉਸਦੀਆਂ ਬਬਰ ਸ਼ੇਰ ਵਰਗੀਆਂ ਲਾਲ ਡਰਾਉਣੀਆਂ ਅਖਾਂ ਚਿਟੀਆਂ ਹੋ ਕੇ ਅੰਦਰ ਧਸ ਗਈਆਂ ਹਨ। ਉਹ ਪਹਿਲੇ ਵਾਲੀ ਸ਼ੋਖੀ ਤੇ ਫੁਰਤੀ ਪਤਾ ਨਹੀਂ ਕਿੱਧਰ ਨੂੰ ਖੰਭ ਲਾਕੇ ਉਡ ਗਈ ਹੈ, ਗੁਸਾ ਤਿਆਗ ਕੇ ਹੁਣ ਤਾਂ ਜਾਣੀ ਸ਼ਾਂਤ, ਸਾਧੂ ਤੇ ਰਬ ਦਾ ਭਗਤ ਬਣ ਗਿਆ ਹੈ। ਹੁਣ ਇਸ ਵਿਚ ਅੱਖੜਪਨ ਗੁਸੇ ਜੋਸ਼ ਦਾ ਨਾਮ ਭੀ ਨਹੀਂ।

ਨਾ ਕੋਈ ਇੱਲਤ ਨਾ ਸ਼ਰਾਰਤ। ਹੁਣ ਤਾਂ ਖੁਦਾ ਦਾ ਅਜੇਹਾ ਭਗਤ ਬਣਆ ਹੈ ਕਿ ਅਠੇ ਪਹਿਰ ਵਿਚਾਰੇ ਰੱਬ ਨੂੰ ਭੀ ਟਿਕਣ ਨਹੀਂ ਦਿੰਦਾ। ਪੰਜ ਵੇਲੇ ਨਮਾਜ਼ ਪੜਨੀ ਤੇ ਇਸ਼ਾ ਦੀ ਨਮਾਜ਼ ਪਿਛੋਂ ਘੰਟਿਆਂ ਬੱਧੀ ਨਫਲ ਪੜ ਕੇ ਇਬਾਦਤ ਵਿਚ ਬੈਠਣਾ ਹੁਣ ਇਸ ਦਾ ਸਾਧਾਰਨ ਮੁਹਾਵਰਾ ਹੋ ਗਿਆ ਸੀ।

ਖੁਰਾਕ ਘਟ ਗਈ ਤੇ ਉਸ ਦੇ ਜੀਵਣ ਦਾ ਮੱਚ ਮਰ ਗਿਆ। ਮੌਮ ਦੀ ਸਜ਼ਾ ਹੁਕਮ ਸੁਣ ਕੇ ਉਸਦੀ ਰੱਬ ਭਗਤੀ ਹੋਰ ਭੀ ਜ਼ੋਰਾਂ ਵਿਚ ਹੋ ਗਈ। ਪਰ

'ਅਬ ਪਛਤਾਏ ਹੋਤ ਕਿਆ ਜਬ ਚਿੜੀਆਂ ਚੁਗ ਗਈ ਖੇਤ'

ਦੀ ਕਹਾਵਤ ਅਨੁਸਾਰ ਹੁਣ ਕੀ ਹੋ ਸਕਦਾ ਹੈ।

ਉਹੀ ਸ਼ੇਰ ਵਰਗਾ ਹੈਦਰ ਅਜ ਮੁਠੀ ਭਰ ਹਡੀਆਂ ਦੀ ਰੰਢ ਰਹਿ ਗਿਆ ਹੈ।

ਉਸਦੀਆਂ ਕੀਤੀਆਂ ਕਰਤੂਤਾਂ ਫਿਲਮ ਬਣ ਬਣਿ ਉਸਦੀਆਂ ਅੱਖਾਂ ਸੋਹੇਂ ਫਿਰ ਰਹੀਆਂ ਹਨ।

ਹੁਣ ਤਾਂ ਦੋ ਦਿਨ ਤੋਂ ਉਸਨੇ ਖਾਣਾ ਪੀਣਾ ਭੀ ਛਡ ਦਿਤਾ ਹੈ। ਹਾਂ ਕਿਸਮਤ ਸ਼ੇਰ ਨੂੰ ਕਿਥੋਂ ਲਿਆਕੇ ਕਿੱਥੇ ਪ੍ਰਦੇਸ ਵਿਚ ਬੇ ਯਾਰੋ ਮਦਦਗਾਰ ਖਤਮ ਕੀਤਾ। ਜਿਸ ਦੇ ਨਾਮ ਉਤੇ ਹਜ਼ਾਰਾਂ ਹਥ ਉਠਦੇ ਸਨ ਅਜ ਉਸਦੀ ਲੋਥ ਨੂੰ ਕੋਈ ਦੇਖਣ ਵਾਲਾ ਭੀ ਨਹੀਂ ਤੇ ਨਾ ਹੀ ਕੋਈ ਰੋਣ ਵਾਲਾ ਹੈ। ਤਕਦੀਰ ਬੜੀ ਪ੍ਰਬਲ ਹੈ।

---

(੧੫)

ਸਰਦਾਰ ਨਿਹਾਲ ਸਿੰਘ ਦੇ ਦਿਲ ਉਤੇ ਹੈਦਰ ਦੀ ਮੌਤ ਦਾ ਬੜਾ ਡੂੰਘਾ ਅਸਰ ਹੋਇਆ। ਮੁਕਦਮੇ ਦੇ ਦੌਰਾਨ ਵਿਚ ਕੋਰਟ ਮਾਰਸ਼ਲ (ਫੌਜੀ ਕਚਹਿਰੀ) ਦੇ ਦਿਨਾ ਵਿਚ ਉਸਨੇ ਕਈ ਵਾਰਿ ਕਮਾਨ ਅਫਸਰ ਕੰਪਨੀ ਕਮਾਂਜਰ ਤੇ ਹੋਰ ਅੰਗ੍ਰੇਜ਼ ਅਫਸਰਾਂ ਨਾਂਲ ਮੁਲਾਕਾਤਾਂ ਕੀਤੀਆਂ ਉਸਨੂੰ ਪੱਕਾ ਵਿਸ਼ਵਾਸ ਹੋ ਗਿਆ ਸੀ ਕਿ ਹੈਦਰ ਨੂੰ ਮੌਤ ਦੀ ਸਜ਼ਾ ਨਹੀਂ ਹੋਵੇ ਗੀ। ਅੰਗ੍ਰੇਜ਼ ਅਫਸਰ ਭੀ ਇਹੋ ਢਾਸਾ ਦੇ ਰਹੇ ਸਨ। ਪਰ ਭੋਲੇ ਸਰਦਾਰ ਨੂੰ ਕੀ ਪਤਾ ਕਿ ਚਾਲਾਕ ਫਰੰਗੀ, ਕੂਟ ਨੀਤੀ ਦਾ ਉਸਤਾਦ ਫਰੰਗੀ ਜੋ ਕੁਛ ਕਰਨਾ ਚਾਹੁੰਦਾ ਹੈ ਉਹ ਕਰਕੇ ਹੀ ਰਹਿੰਦਾ ਹੈ। ਇਸ ਨੂੰ ਨਾ ਕਿਸੇ ਨਾਲ ਲਿਹਾਜ਼ ਨਾ ਹਮਦਰਦੀ। ਨਾ ਇਕਰਾਰ ਦਾ ਪਾਸ ਨਾ ਸਤਕਾਰ ਦਾ ਖਿਆਲ। ਇਹ ਤਾਂ ਆਪਣੇ ਸ੍ਵਾਰਥ ਦਾ ਯਾਰ ਹੈ।

ਹੈਦਰ ਦੀ ਮੌਤ ਨੂੰ ਹਫਤਾ ਹੋ ਗਿਆ ਪਰ ਸਰਦਾਰ ਅੰਦਰੋਂ ਹੀ ਨਹੀਂ ਨਿਕਲਿਆ ਉਸਦੇ ਹਿਰਦੇ ਤੇ ਹੈਦਰ ਦੀ ਮੌਤ ਨੇ ਕਾਰੀ ਸੱਟ ਮਾਰੀ । ਉਸਦਾ ਹਿਰਦਾ ਹੁਣ ਹੈਦਰ ਦੇ ਫੜਨ ਉਤੇ ਉਸਨੂੰ ਫਿਟਕਾਰਾਂ ਪਾ ਰਿਹਾ ਸੀ । ਉਹ ਸੋਚਦਾ ਸੀ ਕਿ ਉਸਨੇ ਕਿਉਂ ਹਲਾ ਸ਼ੇਰੀ ਵਿਚ ਆਕੇ ਇਕ ਬੇ ਗੁਨਾਹ ਬਹਾਦਰ ਪਠਾਣ ਨੂੰ ਫੜਿਆ ਤੇ ਉਸਦੀ ਮੌਤ ਦਾ ਕਾਰਣ ਬਣਿਆ । ਹਿਰਦੇ ਵਿਚ ਦੁਖ ਅਫਸੋਸ ਤੇ ਜੋਸ਼ ਨੇ ਉਛਾਲਾ ਦਿਤਾ ਤੇ ਸਰਦਾਰ ਨੇ ਵਰਦੀ ਪਾ ਕੰਪਨੀ ਕਮਾਂਡਰ ਦੇ ਬੰਗਲੇ ਨੂੰ ਮੂੰਹ ਕੀਤਾ ।

---

(੧੬)

ਵੈਲ ! ਸਰਡਾਰ ਸਾਹਿਬ ! ਕਿਆ ਬਾਟ ਹੈ ?

"ਹਜ਼ੂਰ ਮੈਂ ਨਾਮ ਕਟੌਣ ਵਾਸਤੇ ਅਰਜ਼ ਕਰਨ ਲਈ ਹਾਜ਼ਰ ਹੋਇਆ ਹਾਂ" ਸਰਦਾਰ ਨੇ ਸਲਾਮ ਕਰਕੇ ਕਿਹਾ ।

ਕਿਆ ਬਾਟ ਹੈ ਸਰਦਾਰ ਸਾਹਿਬ !

ਹਜ਼ੂਰ ! ਮੈਂ ਨਾਮ ਕਟੌਣਾ ਚਾਹੁੰਦਾ ਹਾਂ ।

ਨਹੀਂ ਹਮ ਟੁਮ ਕੋ ਨਹੀਂ ਛੋਡ ਸਕਟਾ । ਟਰੱਕੀ ਡੇਗਾ ।

ਨਾ ਹਜ਼ੂਰ ! ਮੈਂ ਤਰੱਕੀ ਨਹੀਂ ਚਾਹੁੰਦਾ ਸਗੋਂ ਨਾਮ ਕਟੌਣਾ ਚਾਹੁੰਦਾ ਹਾਂ ।

ਨਹੀਂ ! ਨਹੀਂ ! ਟੁਮ ਬਹਾਡਰ ਹੈ । ਟਰੱਕੀ ਮਿਲੇਗਾ । ਬੇਵਕੂਫੀ ਮਟ ਕਰੋ ।

ਨਹੀਂ ਹਜ਼ੂਰ ਮੇਰਾ ਨਾਮ ਕਟ ਦਿਟਾ ਜਾਵੇ ।

ਟੁਮ *ਬ੍ਰਹਮੰਡ ਸਾਹਿਬ ਕਾ ਆਡਮੀ ਹੈ ਹਮ ਕੁਛ ਨਹੀਂ ਕਰ ਸਕਟਾ । "ਅਬੌਟ ਟਰਨ" ਆਖ ਕੇ ਫਰੰਗੀ ਕੋਠੀ ਅੰਦਰ ਜਾ ਵੜਿਆ ।

ਗੁਲਾਮੀ ਦੀਆਂ ਜ਼ੰਜੀਰਾਂ ਦਾ ਜਕੜਿਆ ਹੋਇਆ ਸਰਦਾਰ ਮਥੇ ਤੇ ਹਥ ਮਾਰਦਾ ਆਪਣੇ ਘਰ ਨੂੰ ਮੁੜਿਆ ਅੰਤਲੇ ਦਮਾਂ ਤੱਕ ਹੈਦਰ ਦੀ ਮੌਤ ਦੇ ਦੁਖ ਦਾਗ ਨੂੰ ਸੰਭਾਲੀ ਬੈਠਾ ਰਿਹਾ ।

---

*ਬ੍ਰਹਮਡ ਸਹਿਬ ਹਿੰਦ ਵਿਚ ਰਹਿ ਚੁਕੇ ਜੰਗੀ ਲਾਟ ਵੈਜਵੁਡ ਦਾ ਸਹੁਰਾ ਸੀ ਜਿਸਦੇ ਨਾਮ ਉਤੇ ਲਾਹੌਰ ਦੀ ਬ੍ਰਹਮਡ ਸਟਰੀਟ ਭੀ ਹੈ । ਇਸ ਨੇ ਹੀ ਸਰਦਾਰ ਨਿਹਾਲ ਸਿੰਘ ਨੂੰ ਇਸ ਤੇ ਰੀਝ ਕੇ ਭਰਤੀ ਕੀਤਾ ਸੀ । ੧੯੩੦ ਈਸਵੀ, ਦੇ ਅੰਤ ਵਿਚ ਸਰਦਾਰ ਦੇ ਬੈਕੁੰਠ ਵਾਸ ਕਰਨ ਉਪ੍ਰੰਤ ਭੀ ਇਸ ਬ੍ਰਹਮਡ ਦੀਆਂ ਚਿਠੀਆਂ ਆਈਆਂ ਸਨ ।

'ਸ਼ਹੀਦਾਂ ਦੇ ਦਰਸ਼ਨ'

(੧੯੧੩ ਈ: ਦੇ ਲਗ ਭਗ ਦੀ ਸਚੀ ਕਹਾਣੀ)

(੧)

ਦੇਸ਼ ਸਭਗ

ਸੋਫੀਆਂ ਨੂੰ ਸੋਫੀ ਜਿਵੇਂ ਫੀਮੀਆਂ ਨੂੰ ਫੀਮੀ ਪਜਾਰੇ,
ਭਲਿਆਂ ਨੂੰ ਭਲੇ ਬੁਰਿਆਂ ਨੂੰ ਬੁਰਿਆਰੇ ਨੇ ।
ਠੱਗਾਂ ਚੋਰਾਂ ਯਾਰਾਂ, ਠੱਗ ਚੋਰ ਯਾਰ ਪਜਾਰੇ, ਜਿਵੇਂ,
ਝੂਠਿਆਂ ਨੂੰ ਝੂਠੇ, ਸਚਿਆਂ ਨੂੰ ਸਚਿਆਰੇ ਨੇ ।
ਰੋਗੀ ਸੋਗੀ ਭੋਗੀਆਂ ਨੂੰ ਰੋਗੀ ਸੋਗੀ ਭੋਗੀ ਪਜਾਰੇ,
ਸੁਖੀਆਂ ਨੂੰ ਸੁਖੀ ਦੁਖੀਆਂ ਨੂੰ ਦੁਖਿਆਰੇ ਨੇ ।
ਕਾਮੀਆਂ ਨੂੰ ਕਾਮੀ, ਲੋਭੀ ਲੋਭੀਆਂ ਨੂੰ ਪਜਾਰੇ, ਤਿਵੇਂ,
ਦੇਸ਼-ਸੇਵਕਾਂ ਨੂੰ ਦੇਸ਼ ਭਗਤ ਪਿਆਰੇ ਨੇ ।

ਅਜ਼ਾਦੀ–ਗੁਲਾਮੀ

ਪਾਤਾਲ ਦੇਸ (ਅਮ੍ਰੀਕਾ) ਦੀ ਵਾਸ਼ਿੰਗਟਨ ਸਟੇਟ (ਰਿਆਸਤ) ਵਿਚ, 'ਸੀਐਟਲ' ਇਕ ਉਘਾ ਸ਼ਹਿਰ ਹੈ । ਡਾਕੇ, ਚੋਰੀਆਂ ਤੇ ਬਦਮਾਸ਼ੀਆਂ ਵਿਚ ਇਹ ਚੋਣਵੇਂ ਸ਼ਹਿਰਾਂ ਦਾ ਟਾਕਰਾ ਕਰਦਾ ਹੈ।

'ਸੈਨਫਰਾਂਸਿਸਕੋ ਤੋਂ ਹਟਕੇ, ਉਕਤ ਗਲਾਂ ਵਿਚ ਇਹ ਸ਼ਾਇਦ ਹੀ ਕਿਸੇ ਹੋਰ ਨੂੰ ਅਗੇ ਵਧਨ ਦਿੰਦਾ ਹੋਵੇ।

ਗਹਿਮਾ ਗਹਿਮ ਭੀੜ, ਬਾਜ਼ਾਰਾਂ ਦੇ ਵਿਚ ਦਿਨ ਦਿਹਾੜੇ ਤੁਰੇ ਜਾਂਦੇ ਰਾਹੀਆਂ ਨੂੰ ਬੇਮਲੂਮ ਬਗਲ ਵਿਚ ਹੱਥ ਪਾਕੇ ਲੁਟ ਲੈਣਾ, ਇਸ ਸ਼ਹਿਰ ਦਾ ਇਕ ਸਾਧਾਰਨ ਖੇਲ ਹੈ। ਪਸਤੌਲ ਦੀ ਗੋਲੀ ਏਥੇ ਸਾਧਾਰਨ ਪਟਾਕੇ ਨਾਲੋਂ ਕੁਛ ਵਧੀਕ ਮਾਨ ਨਹੀਂ ਰਖਦੀ। ਸਿਆਲ ਦੇ ਦਿਨ ਆਏ, ਜ਼ਰਾ ਧੁੰਧ ਪੈਣੀ ਸ਼ੁਰੂ ਹੋਈ! ਬਸ ਫੇਰ ਕੀ ਏ, ਹਰ ਮੋੜ ਪਰ ਮਾਨੋ ਯਮਰਾਜ ਦੇ ਅਹਦੀਏ ਆ ਖੜੇ ਹੋਏ! ਔਂਦਿਆਂ ਜਾਂਦਿਆਂ ਵਿਚੋਂ, ਜਿਸਦੀ ਜੇਬ ਵਿਚ ਦੇ ਡਾਲਰ ਭੀ ਖੜਕੇ, ਝਟ ਪਾਸੋਂ ਹੀ ਆਵਾਜ਼ ਆਈ (Hands up) ਹੱਥ ਖੜੇ ਕਰੋ, ਚੁਪ! ਜ਼ਰਾ ਭੀ ਚੂੰ ਕੱਢੀ ਤਾਂ ਬੇੜਾ ਪਾਰ ਸਮਝੀਂ ਤੇ ਸਾਹਿਬਜ਼ਾਦਾ (ਪਸਤੌਲ) ਹਿਕ ਨਾਲ ਭੇਟ ਕਰਦਾ ਦਿਖਾਲੀ ਦਿਤਾ। ਜਿਥੇ ਜ਼ਰਾ ਕੁ ਪੁਰਾਣੀ ਖਾਰ ਹੋਈ ਅਥਵਾ ਇਕ ਸਿਗਰਟ ਸੀਗਾਰ ਤੋਂ ਹੀ ਘੂਰਮ ਘੂਰ ਹੋਏ ਹੋਣ, ਤਾਂ ਆ ਸਿਆਲ ਨੂੰ ਕਸਰਾਂ ਕਢੀਆਂ। ਫੇਰ ਤਾਂ ਹੈਂਡਜ਼-ਅੱਪ ਕਹਿਣ ਦੀ ਭੀ ਲੋੜ ਨਹੀਂ। ਸਾਧਾਰਨ ਠਸ, ਜੇਹੀ ਹੋਈ, ਫੁਟ ਪਾਥ (ਸੜਕ ਦੇ ਲਾਂਭੀ ਆਦਮੀਆਂ ਦੇ ਤੁਰਨ ਵਾਲਾ ਰਾਹ) ਤੇ ਦੋ ਚਾਰ ਕਿਲ ਬਿਲੀਆਂ ਖਾਧੀਆਂ ਤੇ ਪ੍ਰਲੋਕ ਗਮਨ। ਇਹ ਕੋਈ ਹਿੰਦੁਸਤਾਨੀ ਦੇ ਹੱਥ ਤੇ ਪਸਤੌਲ ਥੋੜੇ ਨੇ, ਕਿ ਗੋਲੀ ਮਥੇ ਨੂੰ ਸਿਨੂੰਣੀ ਤੇ ਆ ਵਜਣੀ ਗੋਡਿਆਂ ਨੂੰ। ਸੱਤਾਂ ਗੋਲੀਆਂ ਦਾ ਪਸਤੌਲ ਖਾਲੀ ਹੋ ਜਾਣਾ ਤੇ ਮਰਨਾ ਕਬੂਤਰ ਭੀ ਨਾ। ਠੀਕ ਹੈ ਹਿੰਦੀ ਵਿਚਾਰੇ ਕਰਨ ਭੀ ਕੀ? ਕਦੇ ਫੋਕੇ ਪਟਾਕੇ ਤਾਂ ਵਿਚਾਰਿਆਂ ਨੇ ਸੁਤੰਤ੍ਰਤਾ ਨਾਲ ਚਲਾਏ ਨਾ ਹੋਏ। ਪਸਤੌਲ ਦਾ ਨਾਮ ਤਾਂ ਸਾਰੇ ਟੱਬਰ ਨੂੰ ਕੰਬਣੀ ਛੇੜ ਦਿੰਦਾ ਹੋਇਆ। ਸੱਪ ਦੀ ਘੜੀਸ ਵਾਂਙੂ ਮਰ ਚੁਕੇ ਬਾਬੇ ਕੋਲ ਪਸਤੌਲ ਹੋਣ ਦੀ ਸੂਹ ਮਿਲੇ ਤਾਂ ਸੁਖ ਨਾਲ ਜਨਤਾ (ਪਬਲਕ) ਦੇ ਰਾਖੇ ਪੁਲਸੀਆਂ

ਨੇ ਜਾ ਪੋਤਰਿਆਂ ਨੂੰ ਹੱਥਕੜੀਆਂ ਲੌਣੀਆਂ। ਚਾਚੇ ਤਾਇਆਂ ਤੋਂ ਵਾਧੂ ਗੁਆਂਢੀਆਂ ਨੂੰ ਸੁਖ ਨਾਲ ਸ਼ਤੀਰਾਂ ਨਾਲ ਹੂਟੇ ਦੇਣੇ ਤੇ ਕਲਾ ਬਾਜੀਆਂ ਲੁਅੌਣੀਆਂ ਅਰੰਭ ਦੇਣੀਆਂ। ਕੋਈ ਵਿਚਾਰਿਆਂ ਨੇ ਸੂਈ ਦੇ ਨਕੇ ਤਾਂ ਫੁੰਡ ੨ ਨਹੀਂ ਨਾ ਡਿਠੇ ਹੋਏ ਹੁੰਦੇ, ਪਈ ਇਕੋ ਗੋਲੀ ਹੀ ਲੁਕਮਾਨ ਦੀ ਗੋਲੀ ਦਾ ਕੰਮ ਦੇਵੇ। ਏਥੇ ਤਾਂ ਨੌਕਰੀ ਦੀ ਆਸ ਵਿਚ ਘਰ ਦੇ ਭਾਂਡੇ, ਕਪੜੇ ਬੇਚਕੇ ਬੀ. ਏ. ਪਾਸ ਕਰਨਾ, ਛੇ ਮਹੀਨੇ ਸਾਲ ਨੌਕਰੀ ਦੀ ਭਾਲ ਵਿਚ ਮਾਰੇ ਮਾਰੇ ਫਿਰਨਾ, ਤੇ ਜੋ ਚਾਰ ਪੈਸੇ, ਅਠੀਂ ਪਹਿਰੀਂ ਛੋਲੇ ਚੱਬਣ ਜੋਗੇ ਪਾਸ ਹੋਣੇ, ਉਹ ਭੀ ਸਵਾਨਇੰਕ (ਚੰਗੀ ਵਲੈਤੀ ਸਿਆਹੀ) ਅਰਜ਼ੀਆਂ ਵਾਸਤੇ ਗਲੇਜ਼ਡ ਪੇਪਰ (ਸਾਫ ਕਾਗਜ਼) ਖਰੀਦਨ ਵਿਚ ਖਰਚ ਹੋ ਜਾਣ, ਤੇ ਨੌਕਰੀ ਨਾ ਮਿਲਨੀ ਪੰਦਰਾਂ ਰੁਪਈਆਂ ਦੀ ਭੀ। ਨਿਰਾਸ ਹੋਕੇ ਦਿਲ ਟੁੱਟ ਜਾਣਾ, ਤੇ ਅਚਾਨਕੀਂ ਕਿਸੇ Revoulutionist (ਜੁਗ ਪਲਟਾਊ) ਨਾਲ ਭੇਟ ਹੋ ਜਾਣੀ, ਅਥਵਾ ਗੁਆਂਢੀ ਕੈਦ ਕੱਟ ਆਏ ਗਰਮ ਖਿਆਲੀਏ ਦੇਸ਼ ਭਗਤ ਨਾਲ ਮੁਲਾਕਾਤ ਹੋ ਜਾਣੀ। ਫਿਰ ਕਿਤਿਉਂ ਪੀਰਜਾਦਾ (ਪਸਤੌਲ) ਭੀ ਮਿਲ ਜਾਨਾ, ਤੇ ਕੋਲ ਦੀ ਲੰਘਦੇ ਕਿਸੇ ਭਲੇ ਮਾਨਸ ਸ਼ਰੀਫ ਅੰਗ੍ਰੇਜ਼ ਨੂੰ ਚੁਕ ਨਸ਼ਾਨਾ ਬਨੌਣਾ। ਭੱਜਨ ਦਾ ਖਿਆਲ ਤਾਂ ਪਹਿਲਾਂ ਹੀ ਤੇਜ ਹੋਇਆ, ਇਸ ਲਈ ਕੰਬਦੇ ਹਥੀਂ ਹਿਕ ਨੂੰ ਚਲਾਈ ਗੋਲੀ ਤਾਂ ਸੂਰਜ ਭਗਵਾਨ ਦੇ ਰਥ ਦੇ ਘੋੜੇ ਰੋਕਨ ਨੂੰ ਭੱਜਣੀ, ਤੇ ਆਪ ਹੁਰੀਂ ਜਲਦੀ ੨ ਠੂਹ ਠਾਹ ਕਰਕੇ ਪਸਤੌਲ ਓਥੇ ਹੀ ਸਿਟਕੇ ਦੌੜਨ ਦੀ ਕਰਨੀ, ਤੇ ਦਸਾਂ ਕੱਦਮਾਂ ਤੋਂ ਘਾਬਰੇ ਹੋਏ, ਫੀਨੈਲ ਮੂੰਹ ਵਿਚ ਪਏ ਹੋਏ ਸਪੋਲੀਏ ਵਾਂਗੂੰ ਰੰਗ ਬਦਲਦੇ ਨੂੰ ਮੀਰ ਜਾਂਦੇ (ਪੁਲਸੀਏ) ਨੇ ਕੁੜਤਿਉਂ ਜਾ ਫੜਨਾ। ਓਧਰ ਭਾਵੇਂ ਪੈਰ ਦੀ ਉਂਗਲੀ ਭੀ ਜ਼ਖਮੀ ਨਾਂ ਹੋਈ ਹੋਵੇ ਪਰ ਏਧਰ:—

Leader of the Revoulutionary Society Arrested ਜੁਗ ਪਲਟਾਊ ਸਭਾ ਦਾ ਆਗੂ.....ਫੜਿਆ ਗਿਆ ਹੈ

ਮੋਟੇ ੨ ਅੱਖਰਾਂ ਵਿਚ ਇਸ਼ਤਿਹਾਰ ਨਿਕਲ ਜਾਣੇ। ਦੇਸੀ ਅਖਬਾਰਾਂ ਨੇ ਭੀ ਖੂਬ ਟੂਕ ਚਾੜ੍ਹਨੇ, ਮੰਨੇ ਪ੍ਰਮੰਨੇ ਲੀਡਰਾਂ ਨੇ ਦਿਲ ਖੋਲ੍ਹਕੇ ਖੂਬ ਜੋਸ਼ੀਲੀਆਂ 'ਮਹਾਂ ਭਿਆਨਕ, ਨਿੰਦਨੀਯਾਂ' ਸਪੀਚਾਂ ਕਰਨੀਆਂ ਤੇ ਜ਼ੋਰਦਾਰ ਘਿਰਨਾਂ ਦੇ ਮਤੇ ਪਏ ਪਾਸ ਹੋਣੇ।

ਇਹ ਹੋਇਆ ਭਈ ਅਮਰੀਕਾ ਦੇਸ, ਜੱਣਾ ਖੱਣਾ ਮਨ ਭਾਉਂਦਾ ਪਸਤੌਲ ਰਖ ਸਕਦਾ ਹੈ। ਟੋਪੀ ਨਾ ਲਈ ਤਾਂ ਦਸੀਂ ਬੀਹੀਂ ਡਾਲਰੀਂ ਪਸਤੌਲ ਖਰੀਦ ਲਿਆ। ਕਿਨੇ ਪੁਛਣਾ ਥੋੜਾ ਹੈ। ਪੱਚੀ ਡਾਲੇ ਪਾਕਟ ਵਿਚ ਹੋਣ ਤਾਂ ਭਾਵੇਂ ਡੇਢ ਹਥ ਲੰਮਾ ਪਸਤੌਲ ਬਾਜ਼ਾਰ ਵਿਚ ਉਂਗਲੀ ਉਤੇ ਘੁਮੌਂਦਾ ਫਿਰੇ। ਰੇਉੜੀਆਂ ਵਾਂਗ ਲੁਕਮਾਨੀ ਗੋਲੀਆਂ ਖਰੀਦ ਸਕਦੇ ਹੋ। ਬਾਜ਼ਾਰਾਂ ਵਿਚ ਦਹੀਂ ਭਲਿਆਂ ਦੀਆਂ ਦੁਕਾਨਾਂ ਵਾਂਗ ਸ਼ੂਟਿੰਗ ਗੈਲਰੀਆਂ (ਬੰਦੂਕ ਚਲੌਣ ਦੀਆਂ ਦੁਕਾਨਾਂ) ਬਣੀਆਂ ਹੋਈਆਂ ਹਨ। ਅੱਧਾ ਡਾਲਰ ਦਿਤਾ ਤੇ ਹੱਥਾਂ ਪੈਰਾਂ ਦੀਆਂ ਉਂਗਲਾਂ ਨਾਲੋਂ ਡੇਉੜ੍ਹੀਆਂ ਗੋਲੀਆਂ ਚਲਾਕੇ ਹੱਥ ਟਿਕਾਇਆ। ਬੰਦੂਕ ਖਰੀਦਨ ਦੀ ਭੀ ਵਧੀਕ ਲੋੜ ਨਹੀਂ। ਖੈਰ ਅਸੀਂ ਆਪਣੀ ਅਸਲੀ ਕਹਾਣੀ ਨੂੰ ਤੋਰਦੇ ਹਾਂ।

(੨)

ਸੀਐਟਲ ਸ਼ਹਿਰ ਦੀ ਚਹਿਲ ਮਹਿਲ

ਜਿਥੇ ਇਹ ਸ਼ਹਿਰ (Seattle) ਸੀਐਟਲ ਬਦਕਾਰੀਆਂ ਵਿਚ ਅਗੇ ਹੈ, ਉਥੇ ਸੁੰਦ੍ਰਤਾ ਸਫਾਈ ਤੇ ਸ਼ੌਕੀਨੀ ਵਿਚ ਭੀ ਕਿਸੇ ਤੋਂ ਪਿਛੇ ਨਹੀਂ। ਇਸ ਦੀਆਂ ਉਚੀਆਂ ੨ ਬੀਹ ਬੀਹ ਮੰਜ਼ਲੀਆਂ ਇਮਾਰਤਾਂ ਰੱਬ ਨੂੰ ਪਈਆਂ ਛੁੰਹਦੀਆਂ ਨੇ, ਚੌੜੀਆਂ ਤੇ ਸਾਫ ਗਦੀਦਾਰ ਸੜਕਾਂ ਕਈ ਤਾਂ ਸਿਧੀਆਂ ਤੀਰ ਨਜ਼ਰ ਦੀ ਦੌੜ ਨੂੰ ਭੀ ਥੱਕਾ ਦੇਣ ਵਾਲੀਆਂ, ਤੇ ਕਈ ਬਿੰਗੀਆਂ ਸੱਪ ਦੀ ਲੀਹ ਨੂੰ ਮਾਤ

ਕਰਨ ਵਾਲੀਆਂ, ਕਈ ਪਧਰੀਆਂ ਸੜਕਾਂ ਤੇ ਕਈ ਚਿੰਤ ਪੁਰਨੀ ਤੇ ਬਾਬੇ ਵਡ-ਭਾਗ ਸਿੰਘ ਦੇ ਦੇਹੁਰੇ ਨੂੰ ਜਾਣ ਵਾਲੇ ਯਾਤਰੂਆਂ ਦੇ ਭੀ ਦੰਦ ਖਟੇ ਕਰਨ ਵਾਲੀਆਂ ਚੜ੍ਹਾਈ ਦਾਰ ਘਾਟੀਆਂ ਭੀ ਹਨ। ਪਛਮੀ ਸ਼ਹਿਰਾਂ ਵਿਚ ਬਿਜਲੀ ਬਤੀਆਂ ਦੇ ਚਾਨਣੇ ਦਾ ਵਰਨਨ ਕਰਨਾ ਤਾਂ ਵਿਅਰਥ ਹੀ ਹੈ। ਪਰ ਹਾਂ ਏਥੇ ਦੀਆਂ ਫੁਲ ਝੜੀਆਂ, ਬਾਰੀ ਬਾਰੀ ਅਨੇਕ ਇਸ਼ਤਿਹਾਰ ਪ੍ਰਗਟਾਊ ਬਤੀਆਂ, ਚਲਦੇ ਫਿਰਦੇ ਨੌ ਨੌ ਤੇ ਦਸ ਦਸ ਫੁਟੇ ਦਹਿਸਰ ਤੇ ਕੁੰਭਕਰਨ, ਤਾਕੀਆਂ ਵਿਚ ਬੈਠੀਆਂ ਅੱਖ ਮਟੱਕੇ ਮਾਰ ਰਹੀਆਂ ਬਿਜਲੀ ਦੀਆਂ ਮੇਮਾਂ ਤੇ ਤੁਰੇ ਜਾਂਦਿਆਂ ਰਾਹੀਆਂ ਨੂੰ 'ਆਓ ਭਾਈ ਆਓ ਅੰਦਰ ਆਕੇ ਮਾਲ ਦੇਖੋ' ਹਾਕਾਂ ਮਾਰਨ ਵਾਲੀਆਂ ਮੂਰਤਾਂ, ਪ੍ਰਦੇਸੀ ਨਵੇਂ ਆਏ ਅਕਲੱਈਂਏ ਨੂੰ ਭੀ ਇਕ ਵਾਰ ਤਾਂ ਚਕ੍ਰਿਤ ਕਰ ਦਿੰਦੀਆਂ ਹਨ। ਸ਼ੌਕੀਨ ਇਕੋ ਜੇਡੇ ਹਾਣ ਪ੍ਰਮਾਣ ਤੇ ਸੁੰਦਰ ਗੋਰੇ ਗੋਰੀਆਂ ਤੇ ਮੁੰਡੇ ਕੁੜੀਆਂ ਦੀਆਂ ਟੋਲੀਆਂ ਦੀਆਂ ਟੋਲੀਆਂ ਹਸਦੀਆਂ ਖੇਲਦੀਆਂ ਫਿਰਦੀਆਂ ਨੇ, ਥਾਂ ਥਾਂ ਖੇਲਨ ਲਈ ਪਾਰਕ (ਬਗੀਚੇ) ਤੇ ਉਨ੍ਹਾਂ ਵਿਚ ਕਿਸਮ ੨ ਦੇ ਖੇਲਾਂ ਤਮਾਸ਼ੇ ਕਰਨ ਦੇ ਸਾਮਾਨ, ਕੁਝ ਘਟ ਅਨੰਦ ਵਰਕ ਨਹੀਂ। ਸਫਾਈ ਵਲੋਂ ਤਾਂ ਏਨਾ ਕਹਿਣਾ ਹੀ ਬਥੇਰਾ ਹੋਵੇਗਾ ਕਿ ਜੇ ਕੋਈ ਹਿੰਦੁਸਤਾਨੀ ਉਚ ਕੁਲੀਆ ਹੱਥ ਸਾਫ ਕਰਨ ਲਈ ਮਿੱਟੀ ਭਾਲਨ ਲਗੇ ਤਾਂ ਸ਼ਾਇਦ ਘੰਟਿਆਂ ਭਰ ਲਈ ਹੈਰਾਨ ਹੋਣਾ ਪਵੇ। ਇਸ ਸ਼ਹਿਰ ਤੋਂ ਵਧਕੇ ਚਾਰ ਚੰਦ ਲੌਣ ਵਾਲੀ ਏਥੇ ਯੂਨੀਵਰਸਟੀ (ਵਿਸ਼ਵਿਦਆਲਾ) ਹੈ।

ਸੀਐਟਲ ਸ਼ਹਿਰ, ਵੈਨਕੋਵਰ (ਕੈਨੇਡਾ) ਤੋਂ ਸਭ ਤੋਂ ਨੇੜੇ ਦਾ ਅਮੈਰੀਕਾ ਦਾ ਉਘਾ ਸ਼ਹਿਰ, ਸਮੁੰਦਰ ਦੇ ਕੰਢੇ ਅਚਰਜ ਛਬ ਦੇ ਰਿਹਾ ਹੈ। ਸ਼ਿਕਾਗੋ ਨਜ਼ੂਯਾਰਕ ਵਨੀਂ ਨੂੰ ਛਡਕੇ, ਹਿੰਦੁਸਤਾਨੀ ਵਿਦਯਾਰਥੀ ਵਿਸ਼ੇਸ਼ ਕਰਕੇ ਸੈਨਫਰਾਂ-ਸਿਸਕੋ, ਬਰਕਲੇ, ਔਰੇਗਨ

ਤੇ ਸੀਐਟਲ ਦੀਆਂ ਯੂਨੀਵਰਸਟੀਆਂ ਵਿਚ ਹੀ ਵਿਦਯਾ ਪ੍ਰਾਪਤ ਕਰਦੇ ਹਨ। ਕਿਉਂਕਿ ਇਨ੍ਹਾਂ ਇਲਾਕਿਆਂ ਵਿਚ ਸਾਡੇ ਗਰੀਬ ਕਿਰਤੀ ਜੰਗਲਾਂ, ਪਹਾੜਾਂ, ਰੇਲ ਦੀਆਂ ਲਾਇਨਾਂ ਤੇ ਲਕੜੀ ਦਿਆਂ ਕਾਰਖਾਨਿਆਂ ਵਿਚ ਕੰਮ ਕਰਦੇ ਹਨ, ਤੇ ਇਨ੍ਹਾਂ ਗਰੀਬ ਵਿਦਯਾਰਥੀਆਂ ਨੂੰ ਭੀ ਸਮੇਂ ਸਮੇਂ ਸਿਰ ਮਾਯਕ ਮਦਦ ਜਿਥੋਂ ਤਕ ਹੋ ਸਕੇ ਦਿੰਦੇ ਰਹਿੰਦੇ ਹਨ। ਛੁਟੀਆਂ ਹੋਣ ਪਰ ਵਿਦਿਆਰਥੀ ਇਨ੍ਹਾਂ ਕਿਰਤੀ ਭਰਾਵਾਂ ਪਾਸ ਚਲੇ ਜਾਂਦੇ ਹਨ, ਜੋ ਇਨ੍ਹਾਂ ਨੂੰ ਬੜੇ ਮਾਨ ਤੇ ਆਦਰ ਨਾਲ ਕਿਸੇ ਨਾ ਕਿਸੇ ਜਗ੍ਹਾ ਆਪਨੇ ਪਾਸ ਨੌਕਰ ਕਰਵਾ ਦਿੰਦੇ ਤੇ ਅੱਛੀ ਚੋਖੀ ਮਜ਼ੂਰੀ ਪਰ ਲਗਵਾ ਦਿੰਦੇ ਨੇ। ਤਿੰਨਾਂ ਮਹੀਨਿਆਂ ਵਿਚ ਵਿਦਿਆਰਥੀ ਪਾਸ ਦੋ ਢਾਈ ਸੌ ਡਾਲਰ ਆਪਣਾ ਤੇ ਕੁਛ ਹੋਰ ਆਪੋ ਵਿਚ ਦੀ ਢਾਲ ਲਾਕੇ ਏਨਾ ਕੁ ਹੀ ਕਰ ਦਿੰਦੇ ਨੇ। ਖਾਣ ਪੀਣ ਸਾਂਝੇ ਲੰਗਰ ਵਿਚੋਂ ਚਲੀ ਜਾਂਦਾ ਹੈ, ਜਿਸਦਾ ਸਾਡੇ ਇਲਮੀ ਭਰਾ ਨੂੰ ਕੁਝ ਦੇਣਾ ਨਹੀਂ ਪੈਂਦਾ। ਇਸ ਤਰ੍ਹਾਂ ਨਾਲ ਸੁਖਲ੍ਹਾ ਹੀ ਸਾਲ ਭਰ ਦੀ ਪੜ੍ਹਾਈ ਦਾ ਖਰਚ ਇਨ੍ਹਾਂ ਤਿੰਨਾਂ ਮਹੀਨਿਆਂ ਵਿਚ ਹੀ ਆਪਨੇ ਕਿਰਤੀ ਭਰਾਵਾਂ ਦੀ ਮਦਦ ਨਾਲ ਨਿਕਲ ਔਂਦਾ ਹੈ।

ਸੀਐਟਲ ਦੀ ਯੂਨੀਵ੍ਰਸਿਟੀ ਵਿਚ ਕੈਲੀਫੋਰਨੀਆ ਤੇ ਔਰੇਗਨ ਯੂਨੀਵਰਸਿਟੀਆਂ ਨਾਲੋਂ ਕੁਝ ਅਛਾ ਸਲੂਕ ਹੋਣ ਕਰਕੇ ਅਤੇ ਕੈਨੇਡਾ ਦੇ ਕੰਢੇ, ਵੈਨਕੋਵਰ ਦੇ ਨੇੜੇ ਹੋਣ ਕਰਕੇ ਹਿੰਦੁਸਤਾਨੀ ਵਿਦਿਆਰਥੀ ਚੋਖੀ ਗਿਣਤੀ ਵਿਚ ਏਥੇ ਪੜ੍ਹਦੇ ਹਨ।

ਇਨੀ ਦਿਨੀ ਭੀ ਏਥੇ ਚੋਖੇ ਵਿਦਿਆਰਥੀ ਭ੍ਰਾਂਤ ੨ ਦੀ ਵਿਦਯਾ ਪ੍ਰਾਪਤ ਕਰ ਰਹੇ ਹਨ। ਪਰ ਨਾਲ ਹੀ ਪੌਲੀਟੀਕਲ, ਸੰਥਾ, ਤੇ ਦੇਸ਼ ਪ੍ਰੇਮ ਦੀ ਰੰਗਣ ਭੀ, ਰਵੀਰੇ ਨਾਲ ਜੰਗਲੀ ਬੂਟੇ ਪਲਨ ਵਾਂਗ, ਆਪਨੇ ਆਪ ਚੜ ਰਹੀ ਹੈ। ਅਜ਼ਾਦੀ ਦੀ ਹਵਾ ਵਿਚ ਵਸਕੇ ਸ੍ਵਤੰਤ੍ਰਤਾ ਹੱਡਾਂ ਵਿਚ ਅਪਨਾ ਪੂਰਾ ਪੂਰਾ ਅਸਰ ਕਰ ਚੁਕੀ ਹੈ, ਤੇ ਆਪਨੇ ਪਿਆਰੇ

ਦੇਸ਼ ਭਾਰਤ ਵਰਸ਼ ਨੂੰ ਅਜ਼ਾਦ ਕਰਨ ਦੀ ਚਾਹ ਦੀਆਂ ਲਹਿਰਾਂ ਨੇ ਦਿਲ ਦਰਯਾ ਵਿਚ ਤੂਫਾਨ ਪੈਦਾ ਕੀਤਾ ਹੋਇਆ ਹੈ। ਦਿਨ ਰਾਤ ਇਨ੍ਹਾਂ ਹੀ ਖਿਆਲਾਂ ਵਿਚ ਗੁਜ਼ਰਦਾ ਹੈ ਹਿੰਦੁਸਤਾਨ ਕਿਵੇਂ ਅਜ਼ਾਦ ਹੋਵੇ? ਕੰਮ ਕਿਵੇਂ ਕਰਨਾ ਚਾਹੀਦਾ ਹੈ? ਮੈਂ ਕੀ ਸੇਵਾ ਕਰ ਸਕਦਾ ਹਾਂ? ਕੀ ਸਾਰੇ ਕੰਮ ਛਡਕੇ ਇਸੇ ਮੁਲਕੀ ਸੁਤੰਤ੍ਰਤਾ ਪ੍ਰਾਪਤ ਕਰਨ ਵਿਚ ਜੁਟ ਜਾਣਾ ਚਾਹੀਦਾ ਹੈ? ਗੁਲਾਮੀ ਦੇ ਜੀਵਨ ਨਾਲੋਂ ਨੀਕ ਮੌਤ ਲਖਾਂ ਦਰਜੇ ਅੱਛੀ ਹੈ? ਗੁਲਾਮੀ ਦਾ ਜੀਵਨ ਕੁਤਿਆਂ ਨਾਲੋਂ ਭੀ ਨਖਿਧ ਜੀਵਨ ਹੈ! ਸਾਡਾ ਪੜ੍ਹਨਾ ਪੜ੍ਹੌਣਾ ਵਿਅਰਥ ਹੈ! ਜਦ ਤਕ ਕਿ ਅਸੀਂ ਗੁਲਾਮ ਹਾਂ, ਅਸੀਂ ਦੋਜ਼ਖ ਵਿਚ ਗ਼ਰਕ ਹਾਂ! ਦੇਸ਼ ਦੇ ਪ੍ਰੇਮ ਵਿਚ ਲੀਨ ਹੋਕੇ ਹਿੰਦੁਸਤਾਨ ਦੀ ਸੁਤੰਤ੍ਰਤਾ ਦੇ ਸਾਧਨ ਸੋਚਨ ਦੇ ਅਭਿਆਸ ਨੇ ਬਾਕੀ ਕੁਲ ਪੜ੍ਹਾਈਆਂ ਨੂੰ ਮਾਤ ਕੀਤਾ ਹੋਇਆ ਹੈ।

(੩)

੧੯੧੩ ਦਾ ਸਾਲ ਬੀਤ ਗਿਆ ਹੈ। ਸੰਨ ੧੯੧੪. ਭਿਆਨਕ ਜੰਗ ਦਾ ਜਨਮ ਦਾਤਾ, ਨਜੂਮੀਆਂ ਦੇ ਕਥਨ ਅਨੁਸਾਰ "ਖੂੰਨੀ ਸਾਲ", ਉਪਾਧੀ ਲਈ ਚੜ੍ਹਿਆ ਹੈ। ਜਨਵਰੀ ਮਹੀਨਾ ਲੰਘਾਕੇ ਸਰੋਂ ਫਰਵਰੀ ਦਾ ਭੀ ਅਧਾ ਮਹੀਨਾ ਬੀਤ ਗਿਆ ਹੈ। ਸਰਦੀ ਦਾ ਅਜੇ ਜ਼ੋਰ ਹੈ। ਬਰਫ ਪਈ ਨੂੰ ਤਾਂ ਭਾਵੇਂ ਕਈ ਦਿਨ ਹੋ ਗਏ ਹਨ, ਸੁਕਾ ਪਾਲ਼ਾ ਨੱਕ ਦੇ ਸਵਾਸਾਂ ਨੂੰ ਮੁਛਾਂ ਤੇ ਜਮਾਈ ਜਾਂਦਾ ਹੈ। ਅਜ ਤਾਂ ਅਠਾਂ ਪਹਿਰਾਂ ਤੋਂ ਲਗਾਤਾਰ ਠਕਾ ਵੱਗ ਰਿਹਾ ਹੈ। ਠੰਡੀ ਹਵਾ ਦੇ ਤੂਫਾਨ ਦਾ ਜ਼ੋਰ ਹੈ। ਮਰਨ ਹਾਰ ਆਦਮੀ ਦੇ ਪੂਰੀ ਹੋਸ਼ ਵਿਚ ਆ ਜਾਣ ਵਾਂਗ, ਮਾਨੋ ਪਾਲ਼ਾ ਭੀ ਆਪਣੇ ਆਖਰੀ ਹੱਥ ਦਿਖਾਲ ਰਿਹਾ ਹੈ।

ਦੇਸ਼ ਭਗਤਾਂ ਦੀ ਇਕੱਤ੍ਰਤਾ

ਪਹਾੜੀ ਦੇ ਸਿਖਰ, ਸੜਕ ਦੇ ਸਿਰੇ ਜਾਕੇ, ਯੂਨੀਵਰਸਟੀ ਦੇ

(੬੧)

ਲਾਗੇ ਹੀ ਇਕ ਸਾਧਾਰਨ, ਪਰ ਸਾਫ ਸੁਥਰਾ, ਲਕੜੀ ਦਾ ਛੋਟਾ ਜਿਹਾ ਘਰ ਹੈ। ਇਸ ਘਰ ਦੇ ਵਿਚਕਾਰ ਗਰਮ ਕਰਨ ਵਾਲੀ ਅੰਗੀਠੀ, ਲਾਲ ਦੱਗ ਦੱਗ ਕਰ ਰਹੀ ਹੈ, ਜਿਸ ਨਾਲ ਸਾਰਾ ਹੀ ਘਰ ਗਰਮ ਹੋ ਰਿਹਾ ਹੈ। ਇਕ ਵੱਡੇ ਕਮਰੇ ਵਿਚ ਖਾਣਾ ਖਾਣ ਦੀ ਅਛੀ ਤਕੜੀ, ਆਂਡੇ ਦੀ ਗੁਲਾਈ ਵਰਗੀ ਗੋਲ ਮੇਜ਼ ਹੈ। ਮੇਜ਼ ਉਤੇ ਖਾਣੇ ਪੀਣੇ ਦੀਆਂ ਚੰਗੀਆਂ ਤੇ ਸਾਫ ਸੁਥਰੀਆਂ ਚੀਜ਼ਾਂ ਧਰੀਆਂ ਹੋਈਆਂ ਹਨ। ਚੁਗਿਰਦੇ ਕੁਰਸੀਆਂ ਡਹੀਆਂ ਹੋਈਆਂ ਹਨ। ਅੱਜ ਰੋਟੀ ਦਾ ਪ੍ਰਬੰਧ ਖਾਸ ਤੌਰ ਨਾਲ ਕੀਤਾ ਗਿਆ ਜਾਪਦਾ ਹੈ। ਚੁਫੇਰੇ ਕੁਰਸੀਆਂ ਪਰ ਬੈਠੇ ਸਾਰੇ ਹੀ ਹਿੰਦੁਸਤਾਨੀ ਵਿਦਿਆਰਥੀ ਹਨ। ਵਿਚ ਕਈ ਬਾਹਰ ਦੇ ਹਿੰਦੁਸਤਾਨੀ ਭਰਾ ਭੀ ਮਿਲਨ ਆਏ ਹੋਏ ਹਨ।

ਇਸ ਘਰ ਦੀ ਮਾਲਕਾ ਇਕ ਅਮ੍ਰੀਕਨ ਬੁਢੀ ਹੈ। ਇਸ ਬੁਢੀ ਮਾਈ ਨੂੰ ਹਿਦੁਸਤਾਨੀ ਵਿਦਿਆਰਥੀਆਂ ਨਾਲ ਬਹੁਤ ਪਿਆਰ ਹੈ। ਸਭ ਹਿੰਦੁਸਤਾਨੀ ਸੀਐਟਲ ਨਿਵਾਸੀ ਵਿਦਿਆਰਥੀਆਂ ਦੇ ਖਾਣੇ ਦਾ ਪ੍ਰਬੰਧ ਇਸ ਬੁਢੀ ਦੇ ਹੀ ਘਰ ਹੈ। ਇਹ ਅਸਲੀ ਖਰਚ ਤੋਂ ਵਧ ਇਕ ਧੇਲਾ ਭੀ ਨਹੀਂ ਲੈਂਦੀ। ਨੌਕਰਾਂ ਤੋਂ ਇਲਾਵਾ, ਆਪ ਭੀ ਜਿਥੋਂ ਤਕ ਹੋ ਸਕੇ ਮਾਵਾਂ ਵਾਲੇ ਪਿਆਰ ਤੇ ਚਾਉ ਨਾਲ ਆਪਣੀ ਹਥੀਂ ਸੇਵਾ ਕਰਦੀ ਹੈ। ਇਸ ਬੁਢੀ ਦੀ ਉਮਰ ਸੌ ਵਰ੍ਹੇ ਤੋਂ ਘਟ ਨਹੀਂ, ਪਰ ਸਾਧਾਰਨ ਦੇਖਣ ਵਾਲੇ ਨੂੰ ਬਹੁਤ ਘਟ ਉਮਰ ਦੀ ਪ੍ਰਤੀਤ ਹੁੰਦੀ ਹੈ। ਸਿਧਾ ਜਿਸਮ ਮੋਟੀਆਂ ੨ ਅੱਖਾਂ, ਲੰਮਾ ਨੱਕ ਤੇ ਚੌੜਾ ਮੱਥਾ, ਅਜੇ ਭੀ ਹੋ ਬੀਤੀ ਜਵਾਨੀ ਦੀ ਅਤੀ ਸੁੰਦਰਤਾ ਤੇ ਸਿਆਣਪ ਨੂੰ ਫੁਟ ਫੁਟ ਕੇ ਦਸ ਰਿਹਾ ਹੈ।

ਇਸ ਆਖਰੀ ਅਵੱਸਥਾ ਵਿਚ ਭੀ ਇਸਦੀ ਚਾਲ ਜੰਮਵੀਂ ਹੈ, ਤੁਰਨ ਲਗਿਆਂ ਪੈਰ ਲੜ ਖੜਾਂਦੇ ਨਹੀਂ। ਅੱਖਾਂ ਵਿਚ ਭਾਵੇਂ ਉਹ ਖਿਚ ਨਹੀਂ ਪਰ ਮਧੁਰਤਾ ਤੇ ਵਤਸਲ ਪਿਆਰ ਦੀਆਂ

ਧਰੂਹਾਂ ਅਜੇ ਭੀ ਜਿਉਂ ਦੀਆਂ ਤਿਉਂ ਕਾਇਮ ਹਨ।

ਇਹ ਭਜਨੀਕ ਦ੍ਰਿਢੀ ਮਾਈ ਇਕੱਲੀ ਹੀ ਰਹਿੰਦੀ ਹੈ। ਤੇ ਰਹਿੰਦੀ ਭੀ ਪ੍ਰਸੰਨ ਹੈ। ਘਟ ਬੋਲਣਾ, ਤੇ ਬੋਲਣਾ ਖੂਬ ਤੁਲਵੇਂ, ਭਾਵ ਭਰੇ ਸ਼ਬਦਾਂ ਵਿਚ, ਇਸਦੇ ਵਿਸ਼ੇਸ਼ ਗੁਣ ਹਨ।

ਖਾਣਾ ਖਾ ਚੁਕਨ ਪਿਛੋਂ ਮੇਜ਼ ਸਾਫ਼ ਕੀਤੀ ਗਈ ਤੇ ਸਭ ਨੇ ਅਖਬਾਰਾਂ ਦੇ ਪਰਚੇ ਕੱਢ ਲਏ। ਕਿਸੇ ਦੇ ਹਥ ਵਿਚ ਆਇਰਸ਼ ਦੇਸ਼ ਭਗਤਾਂ ਦਾ **ਅਇਰਸ਼ ਵਰਲਡ ਹੈ** ਕਿਸੀ ਪਾਸ ਸ੍ਰੀ ਮਤੀ ਕਾਮਾ ਦਾ **'ਬੰਦੇ ਮਾਤ੍ਰਮ'**, ਕੋਈ ਵੈਨਕੋਵਰ ਦਾ **ਪੌਇੰਸ** ਤੇ ਕੋਈ **'ਲੰਡਨ ਟਾਈਮਜ਼'** ਹੀ ਲਈ ਬੈਠਾ ਹੈ। ਭਾ: ਕਰਤਾਰ ਸਿੰਘ ਦੇ ਹੱਥ ਵਿਚ **'ਗ਼ਦਰ'** ਦਾ ਪਰਚਾ ਦੇਖਕੇ ਪਿੰਗਲੇ ਨੇ ਕਿਹਾ:—

"ਕਰਤਾਰ ਸਿੰਘ ਭਾਈ **'ਗ਼ਦਰ'** ਦਾ ਪਰਚਾ ਸੁਨਾਈਏ, ਮੈਂ ਨੇ ਆਜ ਕਾ ਆਇਆ ਪਰਚਾ ਬਿਲਕੁਲ ਨਹੀਂ ਸੁਨਾ।"

ਮਿਸਟਰ ਪਿੰਗਲੇ ਦੇ ਮੁੰਹੋਂ ਉਕਤ ਸ਼ਬਦ ਸੁਣਦਿਆਂ ਹੀ ਸਭ ਨੇ ਬਸਤੇ ਠੱਪ ਦਿਤੇ ਤੇ 'ਹਾਂ ਜੀ ਹਾਂ ਜ਼ਰੂਰ ਸੁਨਓ', ਦੇ ਅਵਾਜ਼ੇ ਔਣ ਲਗੇ।

ਭਾਵੇਂ ਇਹ ਸਾਰੇ ਹਿੰਦੁਸਤਾਨੀ, ਬੰਗਾਲੀ, ਸਿੰਧੀ, ਮਰਹਟੇ ਤੇ ਪੰਜਾਬੀ ਮਿਲੇ ਹੋਏ ਸਨ, ਪਰ ਸਾਰੇ ਹੀ ਉਰਦੂ ਜ਼ਬਾਨ ਸਮਝਦੇ ਸਨ। ਇਸ ਲਈ ਵਿਸ਼ੇਸ਼ ਕਰਕੇ ਗਲ ਬਾਤ ਅੰਗ੍ਰੇਜ਼ੀ ਤੇ ਉਰਦੂ

ਵਿਚ ਹੀ ਕਰਦੇ ਸਨ।

'ਗ਼ਦਰ' ਅਖਬਰ, ਤੇ ਭਾ: ਕਰਤਾਰ ਸਿੰਘ ਦਾ ਪੜ੍ਹਨਾ! ਬਸ! ਬਲਦੀ ਉਤੇ ਤੇਲ ਪੌਣਾ ਸੀ। ਅਖਬਾਰ ਪੜ੍ਹ ਚੁਕਨ ਪਿਛੋਂ ਇਕ ਬੰਗਾਲੀ ਵਿਦਿਆਰਥੀ ਨੇ ਭਾ: ਹਰਨਾਮ ਸਿੰਘ ਵਲ ਇਸ਼ਾਰਾ ਕਰਕੇ ਕਿਹਾ "ਮਿਸਟਰ ਹਰਨਾਮ ਸਿੰਘ ਆਜ ਫਿਰ ਵੁਹੀ ਗੱਜ਼ਲ:—

"ਸਾਰੀ ਖਲਕ ਖੁਦਾਏ ਬੇਦਾ'ਰ ਬੈਠੀ,
ਸੁਤਾ ਜਾਗਦਾ ਤੂੰ ਹਿੰਦੁਸਤਾਨ ਕਿਉਂ ਨਹੀਂ।"

ਸੁਨਾਈਏ।

ਭਾ: ਹਰਨਾਮ ਸਿੰਘ—ਮਿਸਟਰ ਦਾਸ—ਅਫਸੋਸ! ਮੁਝੇ ਤਮਾਮ ਜ਼ਬਾਨੀ ਯਾਦ ਨਹੀਂ।

ਕੋਲੋਂ ਇਕ ਹੋਰ ਨੇ 'ਲੱਓ ਮੇਰੇ ਸੇ 'ਦੇਸ਼ ਭਗਤਾਂ ਕੀ ਬਾਣੀ'। (ਪੁਸਤਕ ਦਾ ਨਾਮ)

ਭਾ: ਹਰਨਾਮ ਸਿੰਘ ਨੇ ਬੜੀ ਦਰਦ ਮਈ ਅਵਾਜ਼ ਵਿਚ ਪੜ੍ਹੀ, ਸਰੋਤਿਆਂ ਨੇ ਐਸੇ ਇਕਾਗਰ ਹੋਕੇ ਸੁਨੀ ਕਿ ਉਚਾ ਸਾਹ ਭੀ ਨਹੀਂ ਸੀ ਸੁਨਾਈ ਦਿੰਦਾ।

'ਹੁਣੇ ਰੁਤ ਬਸੰਤ ਦੀ ਬਦਲ ਜਾਵੇ,
ਰਾਖੀ ਕਰਨ ਜੇਕਰ ਬਾਗਵਾਨ ਤੇਰੇ'।

ਵਾਲੀ ਸੁਨਾਈਏ। ਹੋਰ ਅਵਾਜ਼ ਆਈ, 'ਮਹਾਰਾਣੀ ਝਾਂਸੀ ਵਾਲੀ ਭੀ ਜ਼ਰੂਰ ਸੁਣਨੀ ਹੈ'। ਭਾਈ ਹਰਨਾਮ ਸਿੰਘ ਜੀ ਨੇ ਦੋਨੋਂ ਸੁਨਾਇਆਂ। ਬਾਹਦ ਵਿਚ ਇਕ ਬਾਹਰੋਂ ਆਏ ਕਿਰਤੀ ਭਾਈ ਨੇ:—

'ਮੇਹਾ ਮਾਨ ਝਾਂਸੀ, ਮੇਰੀ ਜਾਨ ਝਾਂਸੀ, ਝਾਂਸੀ ਜਾਣਿਆਂ ਮੈਂ ਗਲ ਦਾ ਹਾਰ ਭੀ ਸੀ' ਸੁਨਾਈ ।

ਫਿਰ ਜਾਪਾਨੀਆਂ ਦੀ ਜੰਗ, ਰੂਸ ਜਪਾਨਵਾਲੀ, ਸੂਰਮਤਾ, ਅਤੇ ਐਡਰੀਆ ਨੋਪਲ ਵਿਚ ਤੁਰਕਾਂ ਦੀ ਬਹਾਦਰੀ ਦੀ ਨਜ਼ਮ ਪੜ੍ਹੀ ਗਈ ।

ਏਸੇ ਤਰ੍ਹਾਂ ਸੁਣਦੇ ਸੁਣੌਂਦਿਆਂ ਹਿੰਦੁਸਤਾਨ ਦੀ ਆਜ਼ਾਦੀ ਦੇ ਸਾਧਨ ਸੋਚਨ ਦੀਆਂ ਵਿਚਾਰਾਂ ਤੁਰ ਪਈਆਂ। ਹੁਣ ਬਾਕਾਇਦਾ ਸਭਾ ਦੇ ਢੰਗ ਤੇ ਇਕ ਨੂੰ ਪ੍ਰਧਾਨ ਚੁਣ ਲਿਆ ਤੇ ਬਾਕੀ ਵਾਰੀ ਵਾਰੀ ਬੈਠੇ ਹੀ ਆਪਨੇ ਆਪਨੇ ਖਿਆਲ ਪ੍ਰਗਟ ਕਰਨ ਲਗੇ । ਕੋਈ ਗੁਲਾਮੀ ਦਾ ਕਾਰਨ ਅਵਿਦਿਆ ਦਸਦੇ ਵਿਦਿਆ ਦਾ ਪ੍ਰਾਪਤ ਕਰਨਾ ਸੁਤੰਤ੍ਰਤਾ ਦਾ ਸਾਧਨ ਦਸਦਾ ਸੀ, ਤੇ ਕੋਈ ਦਸਤਕਾਰੀ ਨੂੰ ਸਲੌਂਹਦਾ ਸੀ । ਕੋਈ ਇੰਜੀਨੀਅਰ ਬਣਕੇ ਮੁਲਕੀ ਸੇਵਾ ਕਰਨਾ ਚਾਹੁੰਦਾ ਸੀ, ਤੇ ਕੋਈ ਫੌਜੀ ਸਿਖਿਆ ਦੇ ਆਮ ਹੋਣ ਪਰ ਜ਼ੋਰ ਦਿੰਦਾ ਸੀ । ਕੋਈ ਧਾਰਮਕ ਖਿਆਲਾਂਦਾ ਅਸਰਾ ਲੈ ਕੇ ਕੰਮ ਕਰਨਾ ਚਾਹੁੰਦਾ ਸੀ, ਤੇ ਕੋਈ ਰਾਜ ਨੀਤੀ (ਕੂਟ ਨੀਤੀ) ਨੂੰ ਮੁਖ ਮੰਨੀ ਬੈਠਾ ਸੀ । ਤੇ ਕੋਈ ਕੈਮਿਸਟ ਬਣਨ ਦੇ ਹਕ ਵਿਚ ਸੀ । ਕੋਈ ਗੁਰੀਲਾ ਵਾਰ (ਖਿੰਡ ਪੁੰਡ ਕੇ ਵਾਰ ਝਾੜ ਕਰਨੀ) ਤੇ ਕੋਈ ਸੋਂਹੇ ਹੋਕੇ ਪੈਦਾਨ ਦੀ ਲੜਾਈ ਕਰਨ ਨੂੰ ਬੇਹਤ੍ਰ ਆਖਦਾ ਸੀ। ਗਲ ਕੀ ਹਰ ਇਕ ਕਿਸਮ ਦੇ ਖਿਆਲਾਂ ਤੇ ਬਹਿਸ ਹੋ ਰਹੀ ਸੀ ਤੇ ਨੌਜਵਾਨਾਂ ਦੇ ਦਿਲੀ ਜੋਸ਼ ਦਾ ਧੁਆਂ ਕਥਨਾਂ ਦੁਆਰਾ ਨਿਕਲ ਰਿਹਾ ਸੀ। ਰਾਤ ਚੋਖੀ ਜਾ ਚੁਕੀ ਸੀ ਤੇ ਕਿਸੇ ਸਿਟੇ ਤੇ ਪਹੁੰਚਣਾ ਅਸੰਭਵ ਜੇਹੀ ਗਲ ਸੀ ।

ਇਸ ਸਾਰੀ ਤਿੰਨ ਚਾਰ ਘੰਟੇ ਦੇ ਪੜ੍ਹਨ ਪੜ੍ਹਾਨ ਤੇ ਬਹਿਸੋ ਬਹਿਸ ਦੀ ਖਿਚੋਤਾਣ ਨੂੰ ਘਰ ਦੀ ਮਾਲਕਾਂ, ਬੁੱਢੀ ਮਾਈ, ਪਾਸ ਹੀ ਇਕ ਆਰਾਮ ਕੁਰਸੀ ਪਰ ਲੇਟੀ ਹੋਈ ਬੜੇ ਗਹੁ ਨਾਲ ਸੁਣ ਰਹੀ ਸੀ, ਪਰ ਬੋਲੀ ਇਕ ਸ਼ਬਦ ਤਕ ਭੀ ਨਾਂ। ਭ ਵਾਂ ਗਲ ਬਾਤ ਉਰਦੂ ਅੰਗ੍ਰੇਜ਼ੀ ਵਿਚ ਮਿਲਵੀਂ ਸੀ ਤੇ ਇਸ ਲਈ ਕਈ ਗਲਾਂ ਇਸ ਬੁਢੀ ਨੂੰ ਨਾ ਸੀ ਸਮਝ ਔਂਦੀਆਂ ਤਦ ਭੀ ਇਹ ਚੱਤਰ ਮਾਈ ਭਾਵ ਅਰਥ ਨੂੰ ਇਨ੍ਹਾਂ ਦੇ ਚਿਹਰਿਆਂ ਉਤੇਂ ਹੀ ਅਛੀ ਤਰ੍ਹਾਂ ਜਾਚ ਤੇ ਸਮਝ ਸਕਦੀ ਸੀ।

ਮੈਂ ਉਪਰ ਦਸ ਆਇਆ ਹਾਂ ਕਿ ਰਾਤ ਚੋਖੀ ਗੁਜ਼ਰ ਚੁਕੀ ਸੀ ਤੇ ਹੁਣ ਸਭੇ ਘਰੋ ਘਰੀ ਜਾਣ ਦੇ ਖਿਆਲ ਵਿਚ ਸਨ, ਪ੍ਰਧਨ ਨੇ ਬੁਢੀ ਮਾਈ ਵਲ ਦਖ ਕੇ, ਜਿਸਦੀ ਕੁਰਸੀ ਪਾਸ ਹੀ ਸੀ, ਕਿਹਾ:-

'ਕਿਉਂ ਮਾਈ! ਅੱਜ ਤਾਂ ਤੂੰ ਭੀ ਸੌਣ ਵਲੋਂ ਲੇਟ (ਪਛੜੀ ਹੋਈ) ਹੋਵੇਂ ਗੀ?

ਮਾਈ-(ਗਲ ਬਦਲ ਕੇ) ਤੁਹਾਡੀ ਬਹਿਸ ਦਾ ਕੀ ਸਿੱਟਾ ਨਿਕਲਿਆ?

ਸਾਰਿਆਂ ਨੂੰ ਪਤਾ ਸੀ ਕਿ ਇਹ ਬੁਢੀ ਮਾਈ ਮੁਲਕ[1] ਮਾਮਲਿਆਂ ਨੂੰ ਤੇ ਖਾਸ ਕਰਕੇ ਹਿੰਦੁਸਤਾਨ ਬਾਬਤ ਗੱਲਾਂ ਨੂੰ ਬੜੇ ਪ੍ਰੇਮ ਨਾਲ ਵੀਚਾਰਦੀ ਹੈ। ਇਸ ਲਈ ਉਤਰ ਵਿਚ ਪ੍ਰਧਾਨ ਨੇ ਕਿਹਾ 'ਸਿਟਾ ਤਾਂ ਕੋਈ ਖਾਸ ਨੀਯਤ ਨਹੀਂ ਹੋਇਆ, ਤਾਂ ਭੀ ਤਾਂ-ਮਾਂ-ਸੁਣਦੀ ਹੀ ਰਹੀਂ ਹੈਂ ਨਾ!'

ਮਾਈ-ਅਛਾ ਪੁਤ! ਮੈਨੂੰ ਸਾਰੀਆਂ ਗੱਲਾਂ ਦਾ ਭਾਵਾਅਰਥ ਫੇਰ ਇਕ ਬਾਰ ਦੋਂ ਚੌਂਹ ਮਿੰਟਾਂ ਵਿਚ ਹੀ ਮੋਟੀ ੨ ਤਰਾਂ

ਸਮਝਾ ਦਿਓ ।

ਪ੍ਰਧਾਨ ਨੇ ਸਾਰੀ ਬਹਿਸ ਦਾ ਤੇ ਸਭ ਖਿਆਲਾਂ ਦਾ ਸੰਖੇਪ ਵਰਨਣ ਕਰਕੇ ਕਿਹਾ ਸਾਡਾ ਮੁਖ ਆਦਰਸ਼ ਹੈ ਦੇਸ਼ ਦੀ ਸੇਵਾ ਭਾਵੇਂ ਕੋਈ ਕਿਸੇ ਭੀ ਤਰ੍ਹਾਂ ਕਰੇ। ਬਸ ਅਸੀਂ ਸਰਿਆਂ ਨੇ ਇਹ ਪੱਕ ਠਾਨ ਲਿਆ ਹੈ ਕਿ ਸਾਡੇ ਜੀਵਨ ਦੇਸ਼ ਲਈ ਲਗਨ। ਸਾਡਾ ਸਭ ਕੁਝ ਕੌਮ ਲਈ ਹੀ ਕੁਰਬਾਨ ਹੋਵੇ। ਜੇ ਅਸੀਂ ਜੀਵੀਏ ਤਦ ਭੀ ਦੇਸ਼ ਲਈ, ਤੇ ਜੇ ਮਰੀਏ ਤਦ ਭੀ ਦੇਸ਼ ਲਈ।

ਸਭ ਦੀਆਂ ਅੱਖਾਂ ਬੁਢੀ ਮਾਈ ਦੇ ਚਿਹਰੇ ਵਲ ਲਗੀਆਂ ਹੋਈਆਂ ਸਨ। ਬੁਢੀ ਮਾਈ ਦੀਆਂ ਅੱਖਾਂ ਬੰਦ ਸਨ। ਹੁਣ ਖੁਲ੍ਹੀਆਂ ਫੇਰ ਮਿਚ ਗਈਆਂ ਝੱਟ ਫੇਰ ਖੋਲ੍ਹੀਆਂ ਚਮਕੀਆਂ ਚਿਹਰੇ ਦਾ ਰੰਗ ਬਦਲਿਆ ਤੇ ਮਾਈ ਕੁਰਸੀ ਉਤੋਂ ਉਠੀ, ਤੇ ਚੁਪ ਚਾਪ ਹੌਲੀ ਹੌਲੀ ਪਰ ਐਨ ਟਿਕਵੀਂ ਚਾਲ ਵਿਚ ਆਪਨੇ ਪ੍ਰਾਈਵੇਟ ਰੂਮ (ਨਿਜ ਦੀ ਕਮਰ) ਵਿਚ ਜਾ ਵੜੀ ਸਾਰੇ ਦੇ ਸਾਰੇ ਚੁਪ ਚਾਪ ਹੈਰਾਨ ਸਨ। ਬੁਢੀ ਦੇ ਇਸਤਰਾਂ ਚੁਪ ਚਾਪ ਉਠ ਜਾਣ ਪਰ ਅਸਚਰਜ ਸਨ, ਸਭ ਦੀਆਂ ਅਖਾਂ ਉਸ ਕਮਰੇ ਵਲ ਹੀ ਸਨ ਕਿ ਪੰਜਾਂ ਕੁ ਮਿੰਟਾਂ ਪਿਛੋਂ ਬੁਢੀ ਬਗਲ ਵਿਚ ਇਕ ਚੌਖਟਾ ਜਿਹਾ ਲਈ ਓਸੇ ਗੰਭੀਰ ਤੇ ਮੱਧਮ ਚਾਲ ਨਾਲ ਕਮਰੇ ਿਵਚੋਂ ਨਿਕਲੀ। ਇਹ ਚੌਖਟਾ ਇਕ ਤਸਵੀਰ ਸੀ, ਜੋ ਉਸ ਨੇ ਲਿਆ ਕੇ ਮੇਜ਼ ਉਤੇ ਰਖ ਦਿਤੀ। ਸਭ ਜਣੇ ਦੇਖਣ ਨੂੰ ਝੁਕੇ ਪਰ ਬੁਢੀ ਰਖਦਿਆਂ ਹੀ ਮੁੜ ਗਈ, ਤੇ ਮੁੜਦੀ ਪੈਰੀਂ ਇਕ ਹੋਰ ਤਸਵੀਰ ਲੈ ਕੇ ਆਈ ਤੇ ਓਸਦੇ ਪਾਸ ਹੀ ਮੇਜ਼ ਪਰ ਟਿਕਾ ਦਿਤੀ। ਇਕ ਮਿੰਟ ਤਾਂ ਨਹੀਂ ਕੁਛਕੁ ਸਟਿੰਟ ਹੀ ਠਹਿਰੀ। ਇਕ ਨਜ਼ਰ ਨਾਲ ਚਿਹਰਿਆਂ ਵਲ ਤਕਿਆ ਤੇ ਫੇਰ ਅੰਦਰ ਜਾ ਵੜੀ। ਇਕ ਹੋਰ ਤਸਵੀਰ ਲੈ ਆਈ ਤੇ ਇਨ੍ਹਾਂ ਪਹਿਲੀਆਂ ਦੋਹਾਂ ਦੇ ਬਰਾਬਰ ਲਿਆ ਧਰੀ। ਇਸੇ ਤਰ੍ਹਾਂ ਬਾਰੋ ਬਾਰੀ ਬਾਰਾਂ ਤੋਂ

ਭੀ ਵਧੀਕ ਤਸਵੀਰਾ ਲਿਆਈ ਤੇ ਮੇਜ਼ ਪਰ ਧਰੀ ਗਈ ਪਰ ਮੂੰਹੋਂ ਇਕ ਸ਼ਬਦ ਤਕ ਭੀ ਨ ਬੋਲੀ, ਤੇ ਆਪਣੀ ਓਸੇ ਆਰਾਮ ਤੇ ਚੁੱਪ ਚਾਪ ਮਲਕੜੇ ਜੇਹੇ ਜਾ ਬੈਠੀ। ਕੋਈ ਭੀ ਬੁਢੀ ਦੇ ਇਸ ਰੰਗਾਰ ਭਾਵ ਨੂੰ ਨਾ ਸਮਝ ਸਕਿਆ। ਭਾਵੇਂ ਕਈ ਤਸਵੀਰਾਂ ਦੇ ਹੇਠਾਂ **'ਪੈਟਰਿਕ ਹੈਨਰੀ' 'ਨੇਥਨ ਹੇਲ'** ਤੇ **'ਏਬਰਾਹੈਮ ਲਿੰਕਨ'** ਆਦਿਕ ਲਿਖਿਆ ਹੋਇਆ ਸੀ। ਤੇ ਅਨੁਮਾਨ ਲਾਇਆ ਜਾ ਸਕਦਾ ਸੀ ਕਿ ਇਹ ਸਭ ਹੋ ਚੁਕੇ ਦੇਸ਼ ਭਗਤਾਂ ਦੀਆਂ ਤਸਵੀਰਾਂ ਹਨ, ਪਰ ਬੁਢੀ ਮਾਈ ਦੇ ਅਸਲੀ ਮਤਲਬ ਨੂੰ ਕੌਣ ਬੁਝ ਸਕਦਾ ਸੀ, ਕਿ ਲਿਆਉਣ ਤੇ ਦਿਖੌਣ ਦਾ ਕਾਰਨ ਕੀ? ਪਈ ਪਈ ਬੁਢੀ ਨੇ ਸਿਰ ਚੁਕਿਆ, ਤੇ ਇਕ ਵਾਰ ਫੇਰ ਨੌਜਵਾਨ ਹਿੰਦੀਆਂ ਵੱਲ ਦੇਖਿਆ, ਜੋ ਬਿਟ ਬਿਟ ਬਟੇਰਿਆਂ ਵਾਂਗ ਉਸਦੇ ਹੀ ਚਿਹਰੇ ਵਲ ਇਸ ਭੇਦ ਦੇ ਪੁਛਣ ਦੀ ਨਿਗ੍ਹਾ ਨਾਲ ਦੇਖ ਰਹੇ ਸਨ।

ਬੁਢੀ ਕੁਰਸੀ ਤੋਂ ਉਠ ਬੈਠੀ, ਅੱਖਾਂ ਜਲ ਪੂਰਤ ਹੋਈਆਂ ਰੁਮਾਲ ਕਢਕੇ ਪੂੰਝੀਆਂ, ਹੁਣ ਹੋਰ ਰੰਗ ਬਦਲਿਆ, ਬੁਲ ਫੱਰਕੇ, ਅਖਾਂ ਦੀ ਚਮਕ ਤੇਜ਼ ਹੋ ਗਈ, ਸਫੈਦ ਚਿਹਰੇ ਪਰ ਕੁਝ ਕੁ ਲਾਲੀ ਦੌੜੀ ਤੇ ਬੋਲੀ ਸੁਲੀ:-

'ਬਚਿਓ ! ਤੁਸੀਂ ਇਹਨਾਂ ਤਸਵੀਰਾਂ ਵਲ ਵੇਖਕੇ ਹੈਰਾਨ ਹੋ, ਤੇ ਪੁਛਨਾ ਚਾਹੁੰਦੇ ਹੋ ਕਿ ਇਹ ਕੌਣ ਹਨ ? ਤੇ ਮੈਂ ਕਿਉਂ ਲਿਆਈ ਹਾਂ, ਲਓ ਸੁਣੋ:-

ਪੁਤਰੋ ! ਇਹ ਸਾਰੇ ਮੇਰੇ ਦੇਸ਼ ਦੇ ਸ਼ਹੀਦ ਹਨ। ਕੌਮੀਂ ਆਸਮਾਨ ਦੇ ਸਿਤਾਰੇ ਹਨ। ਮੁਲਕੀ ਮਾਨ ਦੇ ਰਾਖੇ ਤੇ ਕੌਮੀ ਸ਼ਾਨ

ਦੀ ਲਾਟ ਦੇ ਪਰਵਾਨੇ ਹਨ। ਗੁਲਾਮੀ ਦੇ ਬੰਦਨ ਕਟਣ ਵਾਲੇ ਫਰਿਸ਼ਤੇ ਤੇ ਆਜ਼ਾਦੀ ਪ੍ਰਵਾਨ ਕਰਨ ਵਾਲੇ ਦੇਵਤੇ ਹਨ। ਇਨ੍ਹਾਂ ਦੇ ਖ਼ੂਨ ਨਾਲ ਸਿੰਜੀ ਹੋਈ (ਧਰਤੀ ਵਲ ਉਂਗਲੀ ਕਰਕੇ) ਇਹ ਧੱਰਤੀ ਅਜੇ ਤਕ ਸੁਗੰਧਿ ਦੇ ਰਹੀ ਹੈ। ਇਹਨਾਂ ਸ਼ਹੀਦਾਂ ਦੀ ਯਾਦ—ਭਾਵੇਂ ਅਨੇਕਾਂ ਬਰਸ ਬੀਤ ਚੁਕੇ ਹਨ ਤੇ ਬੀਤ ਜਾਣਗੇ,—ਅਪਨੇ ਦੇਸ਼ ਤੇ ਕੌਮ ਪਰ ਕੁਰਬਾਨ ਹੋਣ ਦਾ ਸਬਕ ਦੇ ਰਹੀ ਹੈ। ਮੁਲਕੀ ਆਨ ਸ਼ਾਨ ਨੂੰ ਕਾਇਮ ਰਖਣ ਲਈ ਆਪਾ ਵਾਰਨ ਦੀ ਸਿਖਿਆ ਸਿਖਾ ਰਹੀ ਹੈ। ਤੇ ਸਦਾ ਲਈ ਸਿਖੌਂਦੀ ਰਹੇ ਗੀ।

ਇਹ ਸਾਡੀ ਸੁਤੰਤ੍ਰਤਾ ਦੇ ਥੰਮ, ਸਾਡੇ ਜੀਵਨ ਦੇ ਸਹਾਰੇ ਤੇ ਆਉਣ ਵਲੀ ਹਰ ਮੁਸੀਬਤ ਤੇ ਮੁਸ਼ਕਲ ਤੋਂ ਬਚਾਉਣ ਵਾਲੇ ਭਰੇ ਰਖਵਾਲੇ ਹਨ।

ਸ਼ਹੀਦਾਂ ਦੀ ਯਾਦ ਜੀਵਨ ਪੈਦਾ ਕਰਦੀ ਹੈ। ਸ਼ਹੀਦਾਂ ਦੇ ਕਾਰਨਾਮੇ ਲਾਈਟ ਹਾਊਸ (ਚਾਨਣੇ ਥੰਮ) ਦਾ ਕੰਮ ਦਿੰਦੇ ਹਨ, ਜੋ ਕੌਮੀਂ ਆਨ ਸ਼ਾਨ ਤੇ ਕੌਮੀ ਮਾਨ ਦੇ ਜਹਾਜ਼ ਨੂੰ ਤੂਫ਼ਾਨ ਵਿਚ ਡੁਬਣ ਤੋਂ ਬਚਾਉਂਦੇ ਹਨ। 'ਸ਼ਹੀਦਾਂ ਦੇ ਜੀਵਨ' ਅਮਿਟ ਅੱਖਰ ਹਨ, ਜੋ ਹਰ ਇਕ ਸੱਚੇ ਦੇਸ਼ ਵਾਸੀ ਦੇ ਦਿਲ ਦੇ ਤਖਤੇ ਪਰ ਉਕਰੇ ਹੋਏ ਹਨ! ਹਾਂ ਜੀ, ਇਹ ਅਮ੍ਰੀਕਾ ਦੀ ਰੂਹ ਹਨ।

'ਪਿਆਰੇ ਸਪੁਤਰੋ ਇਹਨਾਂ ਬਹਿਸਾਂ ਵਿਚ ਕੁਛ ਨਹੀਂ, ਫੋਕੀਆਂ ਵਿਚਾਰਾਂ ਤੇ ਖੁਸ਼ਕ ਫਿਲਾਸਫੀਆਂ ਬੇਅਸਰ ਹਨ, ਦੇਸ਼ ਤੇ ਕੌਮ ਨੂੰ ਫਾਇਦਾ ਨਹੀਂ ਪੁਚਾ ਸਕਦੀਆਂ। ਅਜ਼ਦੀ ਦੇ ਪੰਧ ਨੂੰ ਨਹੀਂ ਮੁਕਾ ਸਕਦੀਆਂ। ਛਡੋ ਇਹਨਾਂ ਨਿਕੰਮੀਆਂ

ਦਲੀਲਾਂ ਨੂੰ ਬੰਦ ਕਰੋ, ਇਹਨਾਂ ਫੋਕੀਆਂ ਫਿਲਾਸਫੀਆਂ ਨੂੰ, ਖਤਮ ਕਰੋ ਇਸਨਾਂ ਬੇਅਸਰ ਵਿਚਾਰਾਂ ਨੂੰ ਛਡੋ।

ਉਠੋ ! ਜਾਗੋ !! ਹੋਸ਼ ਕਰੋ !!! ਤੇ ਆਪਨੇ ਹੋ ਗੁਜ਼ਰੇ ਸ਼ਹੀਦਾਂ ਬਜ਼ੁਰਗਾਂ ਦੀਆਂ ਤਸਵੀਰਾਂ ਅੱਖੀਆਂ ਅਗੇ ਲਿਆਓ ਤੇ ਉਹਨਾਂ ਤੋਂ ਪੁਛੋ "ਅਸੀਂ ਕੀ ਕਰੀਏ" ! ਉਹ ਆਪ ਦੱਸਣ ਗੀਆਂ ! ਜ਼ਰੂਰ ਦਸਣਗੀਆਂ !! ਉਹਨਾਂ ਸ਼ਹੀਦਾਂ ਦੇ ਕਾਰਨਾਮੇ ਯਾਦ ਕਰੋ, ਸੁਣੋ ਤੇ ਸੁਣਾਓ, ਸ਼ਹੀਦਾਂ ਦੇ ਨਾਮ, ਇਜ਼ਤ, ਪ੍ਰੇਮ ਤੇ ਸ਼ਰਧਾ ਭਗਤੀ ਨਾਲ ਲਓ ਉਹਨਾਂ ਦੀ ਯਾਦ ਨੂੰ ਹਿਰਦਿਆਂ ਵਿਚ ਪੱਕੀ ਥਾਂ ਦਿਓ। ਸ਼ਹੀਦਾਂ ਦੀ ਯਾਦ ਅੱਛੀ ਤਰਾਂ ਸਦਾ ਲਈ ਹਿਰਦੇ ਸੰਪਟ (ਡੱਬੀ) ਵਿਚ ਟਿਕਾ ਲਓ। ਉਹ ਯਾਦ ਤੁਹਾਡੇ ਵਿਚ ਅਸਲੀ ਜੀਵਨ, ਅਮਲੀ ਜੀਵਨ, ਪੈਦਾ ਕਰੇਗੀ। ਉਹ ਯਾਦ ਕੰਮ ਕਰਨ ਦਾ, ਦੇਸ਼ ਸੇਵਾ ਦਾ ਢੰਗ ਦੱਸੇਗੀ। ਉਹਨਾਂ ਦੀ ਯਾਦ ਤੁਹਾਨੂੰ ਅਸਲੀ ਮਨੁਖ ਬਣਾਏਗੀ। ਲਾਡਲਿਓ ! ਸ਼ਹੀਦਾਂ ਦੀ ਯਾਦ ਗੁਲਾਮੀ ਦੇ ਬੰਧਨ ਤੋੜਕੇ ਸੁਤੰਤ੍ਰਤਾ ਦਾ ਰਾਹ ਦਸੇਗੀ।

'ਮੇਰੇ ਪਿਆਰੇ ਸਪੁਤਰੋ ! ਉਹਨਾਂ ਸ਼ਹੀਦਾਂ ਦੇ ਕਾਰਨਾਮਿਆਂ ਤੇ ਤੁਰਨ ਦਾ ਵੱਲ ਸਿਖੋ, ਉਹਨਾਂ ਦੀ ਯਾਦ ਹੀ ਤੁਹਾਨੂੰ ਇਹ ਵੱਲ ਸਿਖਾਏਗੀ।'

ਇਹ ਦਸਣ ਦੀ ਲੋੜ ਨਹੀਂ ਕਿ ਇਸ ਛੋਟੇ ਜੇਹੇ ਲੈਕਚਰ ਦਾ ਅਸਰ ਉਹਨਾਂ ਦੇਸ਼-ਪ੍ਰੇਮ-ਅਗਨੀ ਵਿਚ ਸੜ ਰਹੇ ਸੂਤਿਆਂ ਉਤੇ ਕੀ ਪਿਆ ਤੇ ਅੰਤ ਨੂੰ ਸਿੱਟਾ ਕੀ ਨਿਕਲਿਆ।

ਬਜ਼ੁਰਗ ਮਾਈ ਆਰਾਮ ਕੁਰਸੀ ਪਰ ਲੇਟ ਗਈ, ਤੇ ਜਰਾ ਦੰਮ ਲੈਕੇ ਫੇਰ ਉਠੀ ਤੇ ਮਸਤ ਝੂਮ ਰਹੇ ਨੌਜਵਾਨਾਂ ਨੂੰ ਬੜੀ ਨਰਮ ਤੇ

ਧੀਮੀਂ ਆਵਾਜ਼ ਵਿਚ ਬੋਲੀ:—

ਨੌਜਵਾਨੋ ! ਰਾਤ ਬਹੁਤ ਵੱਡੀ ਚਲੀ ਗਈ ਹੈ, ਹੁਣ ਉਠੋ ਘਰਾਂ ਨੂੰ ਜਾਵੋ ਤੇ ਜਿਨ ਜਿਨ ਏਥੇ ਸੌਣਾ ਹੈ ਸੌਣ ਵਾਲਿਆਂ ਕਮਰਿਆਂ ਨੂੰ ਜਾਓ। ਫੇਰ ਕਿਸੇ ਦਿਨ ਕੁਛ ਹੋਰ ਦਿਖਾਲਾਂਗੀ।

(੫)

੪ ਜੌਲਾਈ !

ਚਾਰ ਜੌਲਾਈ ਦਾ ਮਹਾਂ ਪੂਜਨੀਯ ਦਿਹਾੜਾ ਅਮ੍ਰੀਕਾ ਦੇ ਇਤਹਾਸ ਵਿਚ ਖਾਸ ਵਸ਼ੇਸ਼ਤਾ ਰਖਦਾ ਹੈ। ਇਸ ਦਿਨ ਅਮ੍ਰੀਕਾ ਵਾਸੀਆਂ ਨੇ ਗੁਲਾਮੀ ਦਾ ਜੂਲਾ ਗਲੋਂ ਲਾਹਕੇ ਆਜ਼ਾਦੀ ਪ੍ਰਾਪਤ ਕੀਤੀ ਸੀ, ਹਜ਼ਾਰਾਂ ਲਖਾਂ ਸ਼ਹੀਦਾਂ ਦੇ ਖੂਨ ਦਾ ਫਲ ਇਸੇ ਦਿਨ ਪ੍ਰਗਟ ਹੋਇਆ ਸੀ। ਲਖਾਂ ਸਿਰਾਂ ਦੀ ਭੇਟਾ ਦੇ ਦੇ ਆਜ਼ਾਦੀ ਦੇਵੀ ਨੂੰ ਅੱਜ ਹੀ ਪ੍ਰਸੰਨ ਕੀਤਾ ਸੀ। ਹਾਂ ਜੀ, ਪ੍ਰਾਧੀਨਤਾ ਦੀ ਭਯੰਕਰ ਬੇੜੀ ਤੋੜਿ ਅਮ੍ਰੀਕਾ ਵਾਸੀ ਅੱਜ ਹੀ ਸ੍ਵਤੰਤ੍ਰ ਹੋਏ ਸਨ। ਇਸੇ ਹੀ ਕਰਕੇ ਇਹ ਦਿਨ (ਚਾਰ ਜੌਲਾਈ) ਹਰ ਸ਼ਹਿਰ ਹਰ ਪਿੰਡ ਤੇ ਹਰ ਘਰ ਵਿਚ ਹਰ ਨਰ ਨਾਰਿ ਤੇ ਬੁਢੇ ਬਚੇ ਵਲੋਂ, ਖਾਸ ਉਤਸ਼ਾਹ, ਪ੍ਰੇਮ ਭਰੇ ਚੱਾ ਤੇ ਉਮਾਹ, ਮਸਤੀ ਭਰੇ ਹਿਰਦੇ ਨਾਲ ਮਨਾਇਆ ਜਾਂਦਾ ਹੈ।

ਉਂਵ ਤਾਂ ਸਾਧਾਰਨ ਹੀ ਅਮ੍ਰੀਕਾ ਦੇ ਸ਼ਹਿਰਾਂ ਵਿਚ ਉਦਾਸੀਨਤਾ ਦਾ ਨਸ਼ਾਨ ਨਹੀਂ ਖਿਲਦਾ। ਰੋਜ਼ ਤ੍ਰਿਕਾਲਾਂ ਨੂੰ ਪਾਰਕਾਂ (ਸ਼ਹਿਰਾਂ ਵਿਚ ਆਮ ਜਨਤਾ ਦੇ ਆਰਾਮ ਤੇ ਖੇਲਨ ਲਈ ਛੱਟੇ ੨ ਬਗੀਚੇ ਤੇ ਮੈਦਾਨ) ਵਿਚ ਬਾਜੇ ਬਜਦੇ ਤੇ ਨਾਚ ਪਏ ਹੁੰਦੇ ਹਨ। ਗਭਰੂਆਂ ਤੇ ਮੁਟਿਆਰ ਕੁੜੀਆਂ ਦੀਆਂ ਟੋਲੀਆਂ ਦੀਆਂ ਟੋਲੀਆਂ ਬਾਘੀਆਂ

ਪੌਂਦੀਆਂ ਹਨ ਅਤੇ ਕਤਾਰਾਂ ਬੰਨ੍ਹੀ ਗਿਧਾ ਪੌਂਦੀਆਂ ਤੇ ਗੌਂਦੀਆਂ ਫਿਰਦੀਆਂ ਪਈਆਂ ਨਜ਼ਰ ਆਉਂਦੀਆਂ ਹਨ। ਕਿਤੇ ਪੀਂਘਾਂ ਪਈਆਂ ਹੋਈਆਂ ਹਨ ਤੇ ਕਿਤੇ ਘੋੜੇ (ਲਕੜੀ ਦੇ) ਟਪੇ ਜਾ ਰਹੇ ਹਨ। ਕਿਤੇ ਫੁਟਬਾਲ ਖੇਲਦੇ ਹਨ ਤੇ ਕਿਤੇ ਸਕੇਟਿੰਗ ਹੋ ਰਹੇ ਹਨ। ਕਿਤੇ ਕੁੜੀਆਂ ਸੁਰ ਨਾਲ ਸੁਰ ਮਿਲਾਈ ਮਿਠੀ ਮਨਮੋਹਨੀ ਕੋਇਲ ਕੂ ਵਿਚ ਗਾ ਰਹੀਆਂ ਹਨ ਤੇ ਕਿਤੇ ਮੁੰਡੇ ਮੇਘ ਸੁਰ ਵਿਚ ਗਰਜ ਰਹੇ ਤੇ ਹੋਕਾਂ ਲਾ ਰਹੇ ਹਨ, ਕਿਤੇ ਸਾਜ ਵਜ ਰਹੇ ਹਨ, ਤੇ ਕਿਤੇ ਨਾਚ ਨਚ ਰਹੇ ਹਨ, ਪਰ ਇਸ ਚਾਰ ਜੌਲਾਈ ਵਾਲੇ ਦਿਨ ਤਾਂ ਖੁਸ਼ੀਆਂ ਦੇ ਕੜ ਟੁੱਟ ਜਾਂਦੇ ਹਨ।

ਪਟਾਕਿਆਂ ਨਾਲ ਅਕਾਸ ਗੂੰਜ ਉਠਦਾ ਤੇ ਕੰਨ ਬੋਲੇ ਹੋ ਜਾਂਦੇ ਹਨ। ਬਚੇ, ਨੌਜਵਾਨ ਤੇ ਬੁਢੇ ਬੁਢੀਆਂ ਬਿਨਾਂ ਪੰਤਿਆਂ ਮਸਤੀ ਵਿਚ ਪਏ ਝੂਮਦੇ ਦਿਖਾਈ ਦਿੰਦੇ ਹਨ। ਅੱਜ ਤਾਂ ਕੁੱਬਿਆਂ ਦੀਆਂ ਪਿੱਠਾਂ ਭੀ ਸਿਧੀਆਂ ਹੋ ਜਾਂਦੀਆਂ ਹਨ ਤੇ ਹਰ ਇਕ ਅਮ੍ਰੀਕਨ ਹਿੱਕ ਫੁਲਾਈ, ਸਿਰ ਉਠ ਈ, ਗੌਂਦਾ ਤੇ ਖੁਸ਼ੀ ਦੇ ਜੈਕਾਰੇ ਲਾਉਂਦਾ ਨਜ਼ਰ ਪਿਆ ਔਂਦਾ ਹੈ।

(੬)

ਦਿਲੀਂ ਰੜਕ !

ਇਹ ਆਮ ਤੌਰ ਨਾਲ ਕਿਹਾ ਤੇ ਸੁਣਿਆ ਜਾਂਦਾ ਹੈ ਕਿ ਅਮ੍ਰੀਕਾ ਵਿਚ ਸਭ ਨੂੰ ਇਕ ਨਜ਼ਰ ਨਾਲ ਦੇਖਦੇ ਹਨ, ਕਿਸੇ ਕੌਮ, ਜ਼ਾਤਿ ਅਥਵਾ ਆਦਮੀ ਨਾਲ ਵੈਰ ਵਿਰੋਧ ਅਥਵਾ ਈਰਖਾ ਦ੍ਵੈਸ਼ ਨਹੀਂ ਕੀਤਾ ਜਾਂਦਾ। ਪਰ ਇਹ ਗਲ ਉਤਨੀ ਹੀ ਸਚਾਈ ਰਖਦੀ ਹੈ ਜਿਤਨੇ ਸਹੇ ਦੇ ਸਿਰ ਸਿੰਙ।

ਆਦਮੀ ਦੇ ਦਿਲੀ ਜਜ਼ਬਾਤ (ਵਲਵਲੇ) ਮਸਤੀ ਯਾ ਕ੍ਰੋਧ ਵਿਚ ਸਾਫ ਸਾਫ ਪ੍ਰਗਟ ਹੁੰਦੇ ਤੇ ਨਜ਼ਰ ਆਉਂਦੇ ਹਨ। ਦੁਨੀਆਂ ਨੂੰ ਇਕ ਨਜ਼ਰ ਨਾਲ ਦੇਖਨ ਦਾ ਦਾਵਾ ਕਰਨ ਦਾ ਧੋਖਾ ਦੇਣ ਵਾਲੇ ਅਮ੍ਰੀਕਨ, ਅੰਗਰੇਜ਼ਾਂ ਨਾਲ ਡਾਢੇ ਹੇਲ ਮੇਲ ਹੋਏ ਹੋਏ ਜਾਪਦੇ, ਗੂੜ੍ਹੀ ਮਿਤ੍ਰਤਾ ਦਾ ਦਮ ਭਰਨ ਵਾਲੇ ਭਾਸਦੇ ਅਮ੍ਰੀਕਨ, ਅੱਜ ਆਪਣੇ ਦਿਲੀ ਭਾਵਾਂ ਨੂੰ ਛਿਪਾ ਨਹੀਂ ਸਕਦੇ। ਅੰਗਰੇਜ਼ਾਂ ਨਾਲ ਦਿਲੀ ਨਫ਼ਰਤ ਦੀ ਭੜਕ ਰਹੀ ਅੱਗ ਨੂੰ ਲੁਕਾ ਨਹੀਂ ਸਕਦੇ। ਲੁਕਾ ਸਕਣ ਭੀ ਕਿਵੇਂ ? ਜਿਸ ਨੇ ਇਕ ਬਾਰ ਅਕਾਰਣ ਗਾਲ੍ਹ ਕੱਢੀ ਹੋਵੇ ਅਥਵਾ ਅੱਖ ਹੀ ਦਿਖਾਲੀ ਹੋਵੇ ਉਹ ਭੀ ਨਹੀਂ ਭੁਲਦਾ। ਪੁਤਾਂ ਪੋਤਿਆਂ ਤਾਈਂ ਉਸਦੀ ਵਿਲੁੰਦਰਤਾ ਦਾ ਜ਼ਖਮ ਹਰਿਆ ਰਹਿੰਦਾ ਹੈ ਤੇ ਜਿਸ ਕੌਮ ਪਾਸੋਂ ਅਕਾਰਣ ਅਨੇਕਾਂ ਕਸ਼ਟ ਸਹੇ ਹੋਣ, ਗੁਲਾਮੀ ਦਾ ਮਹਾਂ ਨਿੰਦਨੀਯ ਜੀਵਨ ਮੁੱਦਤਾਂ ਵਤੀਤ ਕੀਤਾ ਹੋਵੇ, ਪਸ਼ੂਆਂ ਨਾਲੋਂ ਭੀ ਬੁਰੀ ਜ਼ਿੰਦਗੀ ਵਤੀਤ ਕਰਨ ਵਿਚ ਜੇ ਕਦੇ ਉਕਤਾਕੇ ਜ਼ਰਾ ਫ਼ਰਯਾਦ ਕੀਤੀ ਤੇ ਅਗੋਂ ਮੂੰਹ ਤੋੜਵਾਂ ਉਤਰ ਪਾਇਆ ਹੋਵੇ। ਜਿਸ ਕੌਮ ਦੇ ਮੂਰਖ ਤੋਂ ਮੂਰਖ ਅਗੇ ਮਜ਼ਲੂਮ ਕੌਮ ਦੇ ਦਾਨੇ ਤੋਂ ਦਾਨੇ ਨੇ ਸਿਰ ਝੁਕਾਇਆ ਹੋਵੇ ਤੇ ਹਾਇ ਅਫਸੋਸ ! ਜ਼ਰਾ ਭੀ ਆਪਣੀ ਧੌਣ ਉੱਚੀ ਕਰਨ ਨਾਲ ਸਿਰ ਉਤਰਵਾਇਆ ਹੋਵੇ ਕਾਇਰ ਤੋਂ ਕਾਇਰ ਤੋਂ ਭੀ ਬਹਾਦਰ ਨੇ ਅਪਮਾਨ ਉਠਾਇਆ ਹੋਵੇ। ਅੰਤ ਨੂੰ "ਤੰਗ ਆਮਦ ਬਜੰਗ ਆਮਦ" (ਦੁਖੀ ਹੋਕੇ ਲੜਨ ਮਰਨ ਨੂੰ ਤਯਾਰ ਹੋਨਾ) ਦੇ ਮਸਲੇ ਤੇ ਵਰਤੋਂ ਵਰਤਕੇ, ਲੱਖਾਂ ਸੂਰਬੀਰ ਬਹਾਦਰਾਂ ਦੇ ਸਿਰਾਂ ਨੂੰ ਲੁਹਾਕੇ, ਖੂਨ ਦੀਆਂ ਨਦੀਆਂ ਵਹਾਕੇ, ਸ਼ੇਰਾਂ ਵਰਗੇ ਜਵਾਨ ਬੰਦੂਕਾਂ ਤੋਪਾਂ ਦੀਆਂ ਗੋਲੀਆ ਤੇ ਗੋਲਿਆਂ ਦੀ ਭੇਟਾ ਚੜ੍ਹਾਕੇ, ਗ਼ੁਲਾਮੀ ਦੇ ਜੀਵਨ ਨਾਲੋਂ ਮੌਤ ਨੂੰ ਅੱਛਾ ਜਾਣਿ, ਸਿਰਾਂ ਤੇ ਕਫਣ ਬੰਨ੍ਹ ਮਿਨਤਾਂ ਕਰਨੀਆਂ ਛਡਿ, ਆਪਨੇ ਬਾਹੁਬਲ ਨਾਲ ਸ੍ਵਤੰਤ੍ਰਤਾ ਪ੍ਰਾਪਤਿ ਕੀਤੀ ਹੋਵੇ, ਹਿੱਕਾਂ ਵਿਚ ਗੋਲੀਆਂ ਖਾ ਖਾ, ਤੋਪਾਂ ਦੇ ਗੋਲਿਆਂ ਨਾਲ ਅੰਗ ਤੁੜਵਾ, ਤਲਵਾਰਾਂ ਨਾਲ

ਬਾਹਾਂ ਲੱਤਾਂ ਵਢਵਾ ਵਢਵਾ, ਸੈਂਕੜੇ ਕੋਹਾਂ ਤੋਂ ਪੈਦਲ ਜਾ ਜਾ, ਸ਼ਹੀਦੀ ਪ੍ਰਾਪਤ ਕੀਤੀ ਹੋਵੇ, ਉਸ ਨਿਰਦਯਤਾ ਕਾਰਕ ਅਨਿਆਈ ਤੇ ਜ਼ਾਲਮ ਕੌਮ ਨੂੰ ਕੌਣ ਤੇ ਕਿਵੇਂ ਭੁਲ ਸਕਦਾ ਹੈ!

(੭)

ਸ੍ਵਤੰਤ੍ਰਤਾ !

ਸ੍ਵਤੰਤ੍ਰਤਾ ! ਪਿਆਰੀ ਸ੍ਵਤੰਤ੍ਰਤਾ !! ਨਿਮਸਕਾਰ ਹੈ, ਤੈਨੂੰ ਹਜ਼ਾਰ ਬਾਰ ਨਿਮਸਕਾਰ ਹੈ, ਕਰੋੜ ਬਾਰ ਨਿਮਸਕਾਰ ਹੈ। ਆ ! ਆ ਅਜ਼ਾਦੀਏ !! ਦੁਖੀ ਦੇਸ਼ ਨੂੰ ਦਰਸ਼ਨ ਦੇਹੁ, ਮੇਰੇ ਤੜਫਦੇ ਹਿਰਦੇ ਨੂੰ ਸ਼ਾਂਤ ਕਰ ।

ਹੇ ਸੁੰਦਰੀ ! ਮੈਂ ਇਹ ਨਹੀਂ ਕਹਿੰਦਾ ਕਿ ਤੇਰੀ ਪ੍ਰਾਪਤੀ ਦੀ ਫੀਸ ਦੇ ਸਕਾਂਗਾ । ਮੈਂ ਇਹ ਨਹੀਂ ਆਖਦਾ ਕਿ ਤੇਰੀ ਪ੍ਰਸੰਤਾ ਦੀ ਭੇਟ ਅੱਦਾ ਕਰ ਸਕਾਂ ਗਾ। ਮੇਰਾ ਇਹ ਦਾਵਾ ਨਹੀਂ ਕਿ ਤੇਰੀ ਸੁੰਦ੍ਰਤਾ ਦੀ ਅਨੋਖੀ ਝਲਕ ਦਾ ਮੈਂ ਹਕਦਾਰ ਹਾਂ। ਮੈਂ ਇਹ ਕਦਾਚਿਤ ਨਹੀਂ ਕਹਿੰਦਾ ਕਿ ਤੇਰੇ ਕਿਰਪਾ ਕਟਾਖ ਦਾ ਮੁਲ ਕਰੋੜ ਸਿਰ ਹਨ। ਮੈਂ ਤਾਂ ਇਹ ਪ੍ਰਾਰਥਨਾ ਕਰਦਾ ਹਾਂ ਕਿ ਦਯਾ ਕਰ ਤੇ ਮੇਰੇ ਪਿਆਰੇ ਉਜੜੇ ਭਾਰਤ ਵਰਸ਼ ਨੂੰ ਵਸਾ। ਇਹ ਪ੍ਰਤੰਤ੍ਰਤਾ ਦੀ ਅੰਗ ਨਾਲ ਸੜ ਚੁਕੇ ਜੀਵਨ ਨੂੰ ਮੁੜ ਹਰਿਆ ਕਰ। ਮੁਦਤਾਂ ਤੋਂ ਪਰਵਸ ਪਿੰਜਰੇ ਪਏ ਪੰਖੇਰੂਆਂ ਦੇ ਟੁਟ ਚੁਕੇ ਖੰਭਾਂ ਨੂੰ ਆਪਣੀ ਦਰਸ਼ਨੀਯ ਰੋਂ ਨਾਲ ਉੱਗਾ ਤੇ ਆਪਣੀ ਮਾਦਕਤਾ ਰੂਪੀ ਤਾੜੀ ਮਾਰ ਕੇ ਉਡਾ।

ਹੇ ਦੇਵੀ! ਕਿਰਪਾ ਕਰ ! ਜੇ ਏਵੇਂ ਹੀ ਖੁਸ਼ ਹੈ, ਇਸੇ ਤਰਾਂ ਹੀ ਮਨ ਪ੍ਰਸੰਨ ਹੈ ਤਾਂ ਬਜ ਬਜ ਘਾਟ ਹੀ ਜਗ੍ਹਾ ਜਗ੍ਹਾ ਕਰ,

ਨਨਕਾਣੇ ਦੇ ਦ੍ਰਿਸ਼ਜ ਹੀ ਹਰ ਰੋਜ਼ ਦਿਖਾ, ਜਲ੍ਹਿਆਂ ਵਾਲੇ ਬਾਗ ਜੇਹਾ ਰਚਨ ਰਚਾ ਰਚਾਕੇ ਹੀ ਜੀਵਨ ਪਾ, ਤੇ ਅਪਨੀ ਪ੍ਰੇਮ ਝਲਕ ਅਨੰਦ-ਮਯ-ਜੀਵਨ ਦਾ ਜਲਵਾ ਦਿਖਾ। ਹੇ ਦਯਾ ਮਯ! ਦੁਖੀ ਗਰੀਬਾਂ ਤੇ ਤੁੱਠਾ, ਆਪਣੀ ਸੁੰਦਰਤਾ ਦੇ ਲੜ ਲਾ, ਆਪਣੀ ਬਗਲ ਵਿਚ, ਸੁਖਦਾਇਨੀ ਗੋਦੀ ਵਿਚ ਸਮਾ, ਕਰਤਾਰ ਸਿੰਘ, ਬਲਵੰਤ ਸਿੰਘ, ਹਰਨਾਮ ਸਿੰਘ, ਪਿੰਗਲੇ, ਕਾਂਸ਼ੀ ਰਾਮ, ਹਾਫਜ਼ ਅਬਦੁਲਾ, ਦਲੀਪ ਸਿੰਘ ਤੇ ਲਛਮਨ ਸਿੰਘ ਜੈਸੇ ਅਨੇਕ ਸ਼ਹੀਦਾਂ ਤੇ ਪ੍ਰਸੰਨ ਹੋਈਏ ਸੁੰਦਰੀਏ! ਜੇ ਏਵੇਂ ਹੀ ਖ਼ੁਸ਼ ਹੈ ਤਾਂ ਸਾਨੂੰ ਭੀ ਉਹਨਾਂ ਨਾਲ ਹੀ ਮਿਲਾ:—

ਸਾਨੂੰ ਮਾਰਿ ਗੁਲਾਮੀ ਨੇ ਛਾਰ ਕੀਤਾ,
ਆ ਆਜ਼ਾਦੀਏ! ਦੇਸ਼ ਵਸਾਉਂਦੀ ਜਾ!
ਪਰਵਸ ਪਿੰਜਰੇ ਪਿਆਂ ਪੰਖੇਰੂਆਂ ਨੂੰ,
ਤਾੜੀ ਪ੍ਰੇਮ ਦੀ ਮਾਰ ਉਡਾਉਂਦੀ ਜਾ!
ਧਰਮ ਸ਼ਰਮ ਦਾ ਰੁਖ ਨ ਸੁੱਕ ਜਾਵੇ,
ਜੜ੍ਹੀਂ ਖੂੰਨ ਅਸਾਡੜੇ ਪਾਉਂਦੀ ਜਾ!
ਆਨ ਸ਼ਾਨ 'ਦੁਖੀ' ਦੇਸ਼ ਕੌਮ ਖਾਤਰ,
ਚੱਪੇ ਚਪੇ ਤੇ ਸੀਸ ਲਗਾਉਂਦੀ ਜਾ!

—o—

'ਇਹ ਗੁਲਾਮ, ਬੇਅਨਖ ਬੇਦੀਨ ਹਿੰਦੀ',
ਦੁਨੀਆਂ ਕਹੇ ਇਹ ਗਲ ਰੜਕਾਉਂਦੀ ਜਾ!
ਰਹੇ ਦਾਗ ਨਾ ਇਹ ਸਾਡੀ ਕੌਮ ਉਤੇ,
ਸਾਨੂੰ ਸਿੰਘ ਬਲਵੰਤ ਸਜਾਉਂਦੀ ਜਾ!
ਬਜ ਬਜ ਨਾਨਕਾਣਾ ਸਾਰਾ ਦੇਸ਼ ਕਰਕੇ,
ਜਲਿਆਂ ਵਾਲਾ ਹਰ ਤਰਫ ਬਣਾਉਂਦੀ ਜਾ!

'ਦੁਖੀ' ਦਿਲ ਅੰਦਰ ਡਾਢਾ ਚਾਉ ਏਹੋ,
ਹਾਂ ! ਸ਼ਹੀਦਾਂ ਦੇ ਨਾਲ ਮਿਲਾਉਂਦੀ ਜਾ !

ਅੰਗ੍ਰੇਜ਼ ਅਮ੍ਰੀਕਨਾਂ ਦੀਆਂ ਨਜ਼ਰਾਂ ਵਿਚ !

ਪਾਠਕ ਜਨ ! ਜਿਸ ਆਜ਼ਾਦੀ ਦੇਵੀ ਦੀ ਪ੍ਰਸੰਤਾ ਨੂੰ ਕਰੋੜਾਂ ਸਿਰ ਦੇ ਕੇ ਪ੍ਰਾਪਤ ਕਰਨਾ ਵੀ ਧੰਨ ਭਾਗ ਸਮਝਿਆ ਜਾਂਦਾ ਹੈ, ਜਿਸ ਸੁੰਦਰੀ ਦੇ ਦਰਸ਼ਨਾਂ ਦੀ ਚਾਹ ਵਿਚ ਆਸ਼ਿਕ ਪ੍ਰੇਮੀ, ਭੰਬਟਾਂ ਵਾਂਗ ਪਏ ਘੁੰਮ ਘੁੰਮ ਜਲਦੇ ਹਨ। ਜਿਸ ਅਪੱਛਰਾਂ ਦੀ ਨੂਰਾਨੀ ਝਲਕ ਲਈ ਮਾਂਵਾਂ ਪੁਤ੍ਰਾਂ ਨੂੰ ਵਾਰਕੇ ਫੁਲੀਆਂ ਨਹੀਂ ਸਮੋਂਦੀਆਂ। ਜਿਸ ਹੂਰਾਂ ਪਰੀ ਦੇ ਜਮਾਲ ਦੇ ਵਸਾਲ ਲਈ ਸਵਾਣੀਆਂ ਪਤੀਆਂ ਨੂੰ ਕੁਰਬਾਨ ਕਰਵਾਕੇ ਸੁਹਾਗਣਾਂ ਬਣਦੀਆਂ ਹਨ, ਜਿਸ ਲਾਟਾਂ ਵਾਲੀ ਦੀ ਪ੍ਰੇਮ ਲਾਟ ਅਵਿਲੋਕਨ ਲਈ ਭੈਣਾਂ, ਭਰਾਵਾਂ ਨੂੰ ਨਿਸਾਰ ਕਰਕੇ ਫ਼ਖਰ ਕੀਤਾ ਕਰਦੀਆਂ ਹਨ, ਇਸ ਚਾਰ ਜੁਲਾਈ ਨੂੰ ਅਮ੍ਰੀਕਾ ਵਾਸੀਆਂ ਨੂੰ ਓਸ ਪੂਜਨੀਯ ਮਹਾਂ ਸੁੰਦਰੀ ਸ੍ਵਤੰਤ੍ਰਤਾ ਦੇਵੀ ਨੇ ਦਰਸ਼ਨ ਦਿਤੇ ਸਨ। ਭਲਾ ਫਿਰ ਕਿਉਂ ਇਹ ਸੁਖੀਂ ਲੱਧੇ ਮਸਤੀ ਵਿਚ ਨਾ ਔਣ ਤੇ ਇਸ ਮਹਾਂ ਪੂਜਨੀਯ ਦਿਹਾੜੇ ਨੂੰ ਨਾ ਮਨੌਣ !

ਬਸ, ਇਹੀ ਗਲ ਹੈ ਕਿ ਅੱਜ ਦੇ ਦਿਨ ਅਮ੍ਰੀਕਨ ਆਪਣੇ ਦਿਲੀ ਭਾਵਾਂ ਨੂੰ ਰੋਕ ਨਹੀਂ ਸਕਦੇ, ਲੁਕੱਾ ਨਹੀਂ ਸਕਦੇ। ਗੁਲਾਮੀ ਦੇ ਦਿਨਾਂ ਦੀ ਯਾਦ, ਤੇ ਉਸ ਸਮੇਂ ਦੇ ਰਾਜ ਕਰਮਚਾਰੀਆਂ (ਅੰਗ੍ਰੇਜ਼ਾਂ) ਦੀਆਂ ਵਧੀਕੀਆਂ ਤੇ ਜ਼ੁਲਮਾਂ ਨੂੰ ਸਿਮ੍ਰਨ ਕਰਕੇ ਨਫ਼ਰਤ ਤੇ ਕ੍ਰੋਧ ਨੂੰ ਛਿਪਾ ਨਹੀਂ ਸਕਦੇ ਤੇ ਇਸ ਦਿਨ ਜਣੇ ਖਣੇ ਲੰਘਦੇ ਜਾਂਦੇ ਅੰਗ੍ਰੇਜ਼ ਨੂੰ ਭੀ ਡਾਢੀ ਨਫ਼ਰਤ ਦੀ ਨਿਗਾਹ ਨਾਲ ਦੇਖਦੇ ਹਨ। ਕੋਈ ਖਿੱਲੀ ਉਡੌਂਦਾ ਹੈ ਤੇ ਤਾੜੀ ਬਜੌਂਦਾ ਹੈ, ਕੋਈ (International thief) ਇੰਟਰ-ਨੈਸ਼ਨਲ ਥੀਫ (ਕੌਮਾਂਤ੍ਰੀ ਚੋਰ) ਦੇ ਨਾਹਰੇ ਮਾਰਦਾ ਹੈ ਤੇ ਕੋਈ ਚੁਕਕੇ

ਰੋੜਾ ਕੰਕਰ ਹੀ ਮਾਰਦਾ ਹੈ, ਕੋਈ ਕੋਈ ਤਾਂ ਗਾਲ੍ਹਾਂ ਹੀ ਕਢਦਾ ਹੈ ਪਰ ਕਿਸੇ ਕਿਸੇ ਜਗ੍ਹਾ ਅਜੇਹੀ ਦੁਰਗਤਿ ਕੀਤੀ ਜਾਂਦੀ ਹੈ ਮਾਨੋ ਅੱਜ ਦਾ ਹੀ ਸੱਜਰਾ ਵੈਰ ਕੱਢਿਆ ਜਾ ਰਿਹਾ ਹੈ। ਮੁਕਦੀ ਗਲ ਅੱਜ ਦੇ ਦਿਨ ਅਮ੍ਰੀਕਨਾਂ ਦੀ ਅਤਯੰਤ ਖੁਸ਼ੀ ਕਈ ਭਲੇ ਮਾਨਸ ਅੰਗ੍ਰੇਜ਼ਾਂ ਲਈ ਬੇਪਤੀ ਦਾ ਕਾਰਨ ਬਣਦੀ ਹੈ। ਅਜ ਦੇ ਦਿਨ ਕਾਨੂੰਨ ਭੀ ਕਿਤੇ ਖੰਭ ਲਾਕੇ ਉਡ ਜਾਂਦਾ ਹੈ, ਕੋਈ ਵਧੀਕ ਪੁਛ ਗਿਛ ਨਹੀਂ ਹੁੰਦੀ ਤੇ ਹੋਵੇ ਭੀ ਕਿਵੇਂ ! ਹੋਇਆ ਜੂ ਅਲੌਕਿਕ ਖੁਸ਼ੀ ਦਾ ਦਿਨ।

(੮)

ਅਮ੍ਰੀਕਾ ਦੇਸ਼ ਦੇ ਸੀਐਟਲ ਸ਼ਹਿਰ ਵਿਚ ਪਹਾੜੀ ਦੇ ਸਿਖਰ ਯੂਨੀਵਰਸਟੀ ਦੇ ਲਾਗੇ ਇਕ ਸਾਧਾਰਨ ਛੋਟੇ ਜੇਹੇ ਪਰ ਸਾਫ ਸੁਥਰੇ ਲਕੜੀ ਦੇ ਘਰ ਵਿਚ ਗਹਿਮਾ-ਗਹਿਮ ਹੈ।

ਪਾਠਕਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਉਹੀ ਘਰ ਹੈ, ਜਿਸਦਾ ਜ਼ਿਕਰ ਅਸੀਂ ਪਿਛੇ ਕਰ ਆਏ ਹਾਂ।

ਇਸਦੀ ਮਾਲਕਾ ਇਕ ਬ੍ਰਿਧ ਮਾਈ ਨੇ ਆਪਣੇ ਸਾਰੇ ਪਿਆਰੇ ਵਾਕਫਕਾਰਾਂ ਨੂੰ ਆਉਣ ਦਾ ਸੱਦਾ ਦਿਤਾ ਹੋਇਆ ਹੈ। ਘਰ ਨੂੰ ਝਾੜ ਬੁਹਾਰ, ਫਰਸ਼ ਨੂੰ ਧੋਕੇ ਕੰਧਾਂ ਨੂੰ ਨਵੇਂ ਸਿਰਿਓਂ ਰੰਗ ਕੀਤਾ ਗਿਆ ਹੈ। ਭਾਂਤ ਭਾਂਤ ਦੇ ਖਾਣੇ ਤਿਆਰ ਮੇਜ਼ਾਂ ਪਰ ਸਜਾਏ ਪਏ ਹਨ ! ਅੱਜ ਇਹ ਬ੍ਰਿਧ ਮਾਤਾ ਖੁਸ਼ੀਆਂ ਵਿਚ ਰਾਗ ਰੌਂਦੀ ਫਿਰਦੀ ਹੈ ਤੇ ਆਉਣ ਵਾਲੇ ਹਰੇਕ ਪ੍ਰਾਹੁਣੇ ਨਾਲ (ਜੋ ਵਧੀਕ ਕਰਕੇ ਹਿੰਦੁਸਤਾਨੀ ਹੀ ਹਨ) ਉਠਕੇ ਹਥ ਮਲੌਂਦੀ ਤੇ ਪ੍ਰਸੰਨਤਾ ਪੂਰਬਕ ਚਾਰ ਜੁਲਾਈ ਦੀ ਵਧਾਈ ਦਿੰਦੀ ਹੈ।

ਆਮ ਕਹਾਵਤ ਹੈ ਕਿ ਆਦਮੀ ਮਰਦਾ ਤਾਂ ਆਪਣੀ ਆਈ

ਤੇ ਹੈ ਪਰ ਕੋਈ ਨਾ ਕੋਈ ਬੀਮਾਰੀ ਸੱਟ ਆਦਿਕ, ਮੌਤ ਦਾ ਬਹਾਨਾ ਹੁੰਦੀ ਹੈ। ਇਸੇ ਹੀ ਤਰ੍ਹਾਂ ਕੌਮਾਂ ਦਾ ਮਰਨਾ ਤੇ ਜੀਉਣਾ, ਸ਼ਾਂਤ ਹੋਣਾ ਤੇ ਭੜਕ ਉਠਣਾ, ਸਮੇਂ ਦੀ ਹਕੂਮਤ ਦੇ ਵਿਰੁਧ ਗ਼ਦਰ ਕਰਨਾ ਯਾ ਘਰੋਗੀ ਜੰਗ ਦੇ ਅਸਲੀ ਕਾਰਨ ਹੋਰ, ਤੇ ਜ਼ਾਹਿਰਾ ਹੋਰ ਹੋਇਆ ਕਰਦੇ ਹਨ। ਇਹ ਮਲੂਮ ਤਾਂ ਹੁੰਦੇ ਹਨ ਕਿ ਝਟ ਪਟ ਭੜਕ ਉਠੇ ਹਨ, ਪਰ ਹੁੰਦੇ ਹਨ ਮੁੱਦਤਾਂ ਦੇ ਪੁਰਾਣੇ ਰਿਸਕਦੇ ਜ਼ਖਮ।

ਭਰਿਆ ਹੋਇਆ ਫੋੜਾ ਭਾਵੇਂ ਡਾਕਟਰ ਦੀ ਨਸ਼ਤਰ ਨਾਲ ਤੇ ਭਾਵੇਂ ਅਚਾਨਕ ਕੋਈ ਚੀਜ਼ ਲਗਣ ਨਾਲ ਅਥਵਾ ਆਪਣੇ ਆਪ ਹੀ ਫਿਸ ਜਾਵੇ, ਮਲੂਮ ਹੁੰਦਾ ਹੈ ਕਿ ਹੁਣੇ ਹੀ ਹੋਇਆ ਹੈ ਹੁਣੇ ਹੀ ਫਿਸਿਆ ਹੈ। ਪਰ ਉਸ ਦੇ ਭਰਨ ਨੇ ਜ਼ਰੂਰ ਕੁਛ ਸਮਾਂ ਲੀਤਾ ਹੁੰਦਾ ਹੈ, ਤੇ ਕਿਤਨਾ ਹੀ ਚਿਰ ਜੁਲਾਂਦਾ ਰਿਹਾ ਹੁੰਦਾ ਹੈ। ਏਸੇ ਤਰਾਂ ਕਸ਼ਟ ਸਹਿੰਦਿਆਂ ੨ ਕੌਮਾਂ ਦੇ ਦਿਲ, ਕਸ਼ਟ ਦਾਤਿਆਂ ਵਲੋਂ ਘ੍ਰਿਣਤ ਹੋ ਫੋੜੇ ਵਤ ਭਰ ਜਾਂਦੇ ਹਨ। ਤੇ ਉਨ੍ਹਾਂ ਦੇ ਅਸਲੀ ਦੁਖ ਦੇ ਬਾਹਰ ਆਉਣ ਨੂੰ 'ਗ਼ਦਰ' ਅਥਵਾ 'ਧਰਮ ਯੁਧ ਕਿਹਾ ਜਾਂਦਾ ਹੈ।

(੯)

ਹਿੰਦੁਸਤਾਨ ਦੀ ਗੁਲਾਮੀ !

ਅਮ੍ਰੀਕਾ ਆਜ਼ਾਦ ਦੇਸ਼ ਹੈ, ਭਾਵੇਂ ਏਥੇ ਭੀ 'ਜਿਸ ਨੂੰ ਪੂਰਨ 'ਆਜ਼ਾਦੀ' ਕਹਿੰਦੇ ਹਨ' ਪ੍ਰਾਪਤ ਨਹੀਂ, ਪਰ ਤਦ ਭੀ ਹੋਰ ਦੁਨੀਆਂ ਨਾਲੋਂ ਵਧੀਕ ਸ੍ਵਤੰਤ੍ਰਤਾ ਹੈ। ਇਥੇ ਪਸ਼ੂਆਂ ਨੂੰ ਭੀ ਹਿੰਦੁਸਤਾਨ ਦੇ ਵਸਨੀਕ ਬੰਦਿਆਂ ਨਾਲੋਂ ਵਧੀਕ ਆਜ਼ਾਦੀ ਪ੍ਰਾਪਤ ਹੈ। ਕੋਈ ਲੰਙੇ ਲੂਲ੍ਹੇ, ਜ਼ਖਮੀ ਤੇ ਬੁਢੇ ਘੋੜੇ ਨੂੰ ਜੋੜ ਨਹੀਂ ਸਕਦਾ। ਹੱਦੋਂ ਵਧ ਮੁਸ਼ੱਕਤ ਨਹੀਂ ਲੈ ਸਕਦਾ। ਗੱਡੇ ਪਰ ਵਧੀਕ ਭਾਰ ਪਾਕੇ ਚਾਬਕ ਨਹੀਂ ਚਲਾ ਸਕਦਾ, ਤੇ ਨਾ ਹੀ ਗਰਭ ਵਤੀ ਘੋੜੀ ਨੂੰ

ਗੱਡੀ ਬਪੀ ਅੱਗੇ ਜੋੜਕੇ ਅਯੋਗ ਤੰਗ ਕਰ ਸਕਦਾ ਹੈ। ਜਿਥੇ ਹਿੰਦੁਸਤਾਨ ਦੇ ਮਜ਼ਲੂਮ ਕਿਰਤੀ ਪੰਦਰਾਂ ੨ ਘੰਟੇ ਢਿਡੋਂ ਭੁਖੇ ਕੰਮ ਕਰਦੇ ਹਨ, ਪਰ ਫੇਰ ਠੁੱਡ ਨਾਲ ਮਾਰਕੇ 'ਤਿਲੀ ਫਟ ਗਈ' ਆਖ ਦਿਤਾ ਜਾਂਦਾ ਹੈ। ਮਾਸੂਮ ਬੱਚੇ ਬੱਚੀਆਂ ਪੰਜ ਪੰਜ ਸਤ ਸਤ ਸਾਲਾਂ ਦੀ ਉਮਰ ਤੋਂ ਹੀ ਪਾਪੀ ਪੇਟ ਨੂੰ ਝੁਲਸਾ ਦੇਣ ਲਈ ਮਾਇਆ ਧਾਰੀਆਂ ਦੇ ਫੰਧੇ ਜਾ ਫਸਦੇ ਹਨ। ਦਿਨ ਰਾਤ ਖੂਨ ਦਾ ਪਾਣੀ ਬਣਾ, ਕੰਮ ਕਰ ਕਰ ਭੀ ਸੁਕੀ ਰੋਟੀ ਪ੍ਰਾਪਤ ਨਹੀਂ ਹੁੰਦੀ, ਪਤੀ ਪਤਨੀ, ਮਾਂ ਧੀ, ਤੇ ਪਿਉ ਪੁਤ੍ਰ ਕੇਵਲ ਨਾਮ ਮਾਤ੍ਰ ਹਨ। ਜੇ ਪਤੀ ਇਕ ਪਾਸੇ ਕਹੀ ਵਾਹ ਰਿਹਾ ਹੈ ਤਾਂ ਪਤਨੀ ਦੂਜੇ ਪਾਸੇ ਟੋਕਰੀ ਢੋ ਰਹੀ ਹੈ। ਮਾਂ ਇਕ ਪਾਸੇ ਝਾੜੂ ਦੇ ਰਹੀ ਹੈ ਤਾਂ ਧੀ ਦੂਜੇ ਪਾਸੇ ਕੂੜਾ ਚੁਕ ਰਹੀ ਹੈ। ਪਿਉ ਇਕ ਪਾਸੇ ਪੱਥਰ ਢੋ ਰਿਹਾ ਹੈ ਤਾਂ ਪੁਤ੍ਰ ਦੂਜੇ ਪਾਸੇ ਇੱਟਾਂ ਚੁਕ ਰਿਹਾ ਹੈ। ਪਰ ਫੇਰ ਵੀ ਨਾ ਪਹਿਨਣ ਨੂੰ ਕਪੜਾ ਮਿਲਦਾ ਹੈ ਤੇ ਨਾ ਖਾਣ ਨੂੰ ਦੋ ਵੇਲੇ ਅੱਛੀ ਰੋਟੀ। ਨ ਗਰਮੀ ਤੋਂ ਬਚਨ ਲਈ ਛਪਰ, ਨਾ ਸਰਦੀ ਤੋਂ ਰਖਿਆ ਲਈ ਥਾਂ। ਅਨੇਕਾਂ ਭੁੱਖਾਂ ਦੇ ਦੁਖ ਨਾਲ ਮਰ ਜਾਂਦੇ ਹਨ, ਤੇ ਅਨੇਕਾਂ ਨੂੰ ਤਪ ਹੈਜ਼ਾ ਤੇ ਹੋਰ ਬੀਮਾਰੀਆਂ ਸਮੇਟ ਲੈ ਜਾਂਦੀਆਂ ਹਨ। ਜੋ ਕਿ ਕੇਵਲ ਪੇਟੋਂ ਭੁਖੇ ਰਹਿਣ, ਰੰਦੀ ਖੁਰਾਕ ਖਾਣ ਅਤੇ ਰਹਿਣ ਬਹਿਣ ਤੇ ਆਰਾਮ ਕਰਨ ਦਾ ਪੂਰਾ ਪੂਰਾ ਨਾ ਇੰਤਜ਼ਾਮ ਕਰ ਸਕਣ ਤੇ ਇਲਾਜ ਨਾ ਹੋ ਸਕਣ ਦੇ ਕਾਰਣ ਹੀ ਹਨ।

ਸਮੇਂ ਦੀ ਸਰਕਾਰ ਦੀ ਕਿਰਪਾ ਨਾਲ ਆਪਣੇ ਦੇਸ਼ ਵਿਚੋਂ— ਜਿਥੋਂ ਬਾਹਰਲੇ ਦੇਸ਼ਾਂ ਦੇ ਲੋਕ ਆਕੇ ਮਾਲਾਮਾਲ ਹੋ ਹੋਕੇ ਜਾਂਦੇ ਹਨ—ਭੁਖੇ ਮਰਦੇ ਹਿੰਦੀ ਕਿਰਤੀ ਕਿਰਤ ਕਰ ਪੇਟ ਭਰਨ ਲਈ ਇਸ

ਅਮ੍ਰੀਕਾ ਦੇਸ਼ ਵਿਚ ਵਧੀਕ ਕਰਕੇ ਸੰਨ ੧੯੦੬ ਈਸਵੀ ਤੋਂ ਹੀ ਔਣੇ ਸ਼ੁਰੂ ਹੋਏ।

ਪਾਠਕਾਂ ਦੀ ਗਿਆਤਾ ਲਈ ਇਹ ਦਸ ਦੇਣਾ ਭੀ ਜ਼ਰੂਰ ਭਾਸਦਾ ਹੈ ਕਿ ਕੈਨੇਡਾ ਭੀ ਅਸਲ ਵਿਚ ਅਮੈਰੀਕਾ ਦੇਸ਼ ਦਾ ਹੀ ਨਾਮ ਹੈ। ਕੇਵਲ ਉਹ ਪ੍ਰਾਂਤ ਜੋ ਅੰਗ੍ਰੇਜ਼ਾਂ ਦੇ ਝੰਡੇ ਹੇਠ ਹੈ ਉਸਨੂੰ ਕੈਨੇਡਾ ਕਿਹਾ ਜਾਂਦਾ ਹੈ ਤੇ ਬਾਕੀ ਨੂੰ ਯੂਨਾਈਟਿਡ ਸਟੇਟਸ ਆਫ਼ ਅਮੈਰੀਕਾ।

ਮਾਯਾ ਧਾਰੀਆਂ ਤੇ ਕਿਰਤੀਆਂ ਦਾ ਬਿਲੀ ਚੂਹੇ ਵਾਲਾ ਵੈਰ ਪਰੰਪਰਾ ਤੋਂ ਹੀ ਚਲਿਆ ਆ ਰਿਹਾ ਹੈ। ਤੇ ਚਲਿਆ ਚਲੇਗਾ। ਇਹਨਾਂ ਦੋਹਾਂ ਧੜਿਆਂ ਦੇ ਆਦਰਸ਼ ਹੀ ਅਲਗ ਅਲਗ ਹਨ। ਜਿਵੇਂ ਵੇਸਵਾ ਤੇ ਪਤਿਬ੍ਰਤਾ ਦਾ ਜੀਵਨ ਆਦਰਸ਼ ਬਿਲਕੁਲ ਇਕ ਦੂਜੇ ਤੋਂ ਉਲਟ ਹੈ। ਰਹਿਣ ਬਹਿਣ ਹਾਵ ਭਾਵ ਅਲਗ ਅਲਗ ਹਨ, ਤਿਵੇਂ ਹੀ ਮਾਯਾਧਾਰੀ ਤੇ ਕਿਰਤੀਆਂ ਦਾ ਜੀਵਨ ਆਦ੍ਰਸ਼ ਤੇ ਉਪਜੀਵਕਾ ਸ੍ਰੋਤ ਜੁਦਾ ੨ ਤੇ ਇਕ ਦੂਜੇ ਤੋਂ ਐਨ ਉਲਟ ਹਨ।

ਜਿਵੇਂ ਇਕ ਪਤਿਬ੍ਰਤਾ ਦਾ ਪਵਿੱਤ੍ਰ ਜੀਵਨ ਵੇਸਵਾ ਦੇ ਜੀਵਨ ਸ੍ਰੋਤ ਵਿਚ ਹਦ ਦਰਜੇ ਦਾ ਬਾਧਕ ਹੈ ਤੇ ਵੇਸਵਾ ਦੀ ਖੁਸ਼ੀ ਸੁਹਾਗਣ ਦੀ ਦੁਰਗਤੀ ਵਿਚ ਹੀ ਹੈ, ਤਿਵੇਂ ਹੀ ਮਾਯਾ ਧਾਰੀ ਜੀਵਨ ਕਿਰਤੀਆਂ ਦੀ ਗੂੜ੍ਹੀ ਨੀਂਦ, ਪਾਟੇ ਧਾੜ ਬੇਸਮਝੀ ਤੇ ਬੇਇਜ਼ਤੀ ਨਾਲ ਹੀ ਪਲਦਾ ਫੁਲਦਾ ਤੇ ਫਲਦਾ ਹੈ।

ਮਾਇਆ ਧਾਰੀਆਂ ਦੇ ਜ਼ੁਲਮ !

ਇਨਸਾਫ਼ ਪਸੰਦ ਤੋਂ ਇਨਸਾਫ਼ ਪਸੰਦ ਮਾਯਾਧਾਰੀ ਭੀ ਨਹੀਂ ਚਾਹੁੰਦਾ ਕਿ ਕਿਰਤੀਆਂ ਨੂੰ ਹੋਸ਼ ਆਵੇ। ਉਹ ਜਾਣਦਾ

ਹੈ ਕਿ ਕਿਰਤੀਆਂ ਦੇ ਆਪਾ ਸੰਭਾਲਨ ਨਾਲ ਹੀ ਮਾਯਾ ਧਾਰੀਆਂ ਦਾ ਅੰਤ ਹੋ ਜਾਵੇ ਗਾ। ਇਸ ਲਈ ਸਾਧਾਰਨ ਹੀ ਮਾਯਾ ਧਾਰੀ ਕਿਰਤੀਆਂ ਨੂੰ ਗਹਿਰੀ ਨੀਂਦ ਘੁਕ ਸੁਤੇ ਲੋੜਦੇ ਹਨ, ਭੁਖੇ ਮਰਦੇ ਦੇਖ ਨ ਖੁਸ਼ੀ ਹਨ, ਦੁਰਗਤੀ ਹੁੰਦੀ ਦੇਖਕੇ ਪ੍ਰਸੰਨ ਹਨ।

ਜੇ ਕਿਤੇ ਕਿਸੇ ਕਿਰਤੀ ਨੂੰ ਜ਼ਰਾ ਰੱਜ ਖਾਂਦਾ ਦੇਖਣ ਸਾਫ਼ ਕਪੜੇ ਜਾਂ ਹੋਸ਼ ਹਵਾਸ ਵਿਚ ਦੇਖਣ, ਬਸ ਮਾਯਾ ਧਾਰੀਆਂ ਦੇ ਤਨ ਮਨ ਨੂੰ,ਅਗ ਲਗ ਜਾਂਦੀ ਹੈ। ਤੇ ਉਹ ਹਰ ਯੋਗ ਅਯੋਗ ਤਰੀਕੇ, ਉਸ ਕਿਰਤੀ ਨੂੰ ਬੁਧੂ ਬਨੌਣ, ਗਿਰੌਣ ਫਸੌਣ ਤੇ ਮਾਰ ਮੁਕੌਣ ਵਿਚ ਵਰਤਨੇ ਆਪਣਾ ਜ਼ਰੂਰੀ ਕਰਤਵਯ ਸਮਝਦੇ ਹਨ।

ਚੰਗਾ ਮੰਦਾ ਹਵਾ ਪਾਣੀ ਅਸਰ ਕੀਤੇ ਬਗੈਰ ਨਹੀਂ ਰਹਿੰਦਾ। ਇਥੇ ਅਮੈਰੀਕਾ ਵਿਚ ਆਏ ਕਿਰਤੀਆਂ ਦੀ ਕਿਰਤ ਵਜੋਂ ਕਦਰ ਹੋਣ ਲਗ ਪਈ, ਤੇ ਇਹ ਭੀ ਕੁਛ ਪੇਟ ਭਰ ਰੋਟੀ ਖਾਣ ਲਗੇ। ਸ੍ਵਤੰਤ੍ਰਤਾ ਦੀ ਹਵਾ ਵਿਚ ਵਿਚਰਨ ਤੇ ਸਵਤੰਤ੍ਰ ਅਮ੍ਰੀਕਨਾਂ ਨਾਲ ਮਿਲਨ ਜੁਲਨ ਨਾਲ ਗੁਲਾਮੀ ਦਾ ਜੀਵਨ ਅਤੀ ਘ੍ਰਿਣਤ ਭਾਸਣ ਲਗਾ। ਆਜ਼ਾਦੀ ਦੀ ਮਧਮ ਜੇਹੀ ਧੁਨਿ ਨੇ ਹੀ ਕੰਨ ਖੋਲ੍ਹ ਦਿਤੇ। ਸਾਧਾਰਨ ਝਲਕ ਨਾਲ ਹੀ ਅੱਖੀਆਂ ਅਗੇ ਤਰਾਰੇ ਨੱਚਣ ਲੱਗ ਪਏ ਤੇ ਦਿਲਾਂ ਵਿਚ ਆਜ਼ਾਦੀ ਦੇਵੀ ਦੇ ਦਰਸ਼ਨਾਂ ਦੀ ਚਾਹ ਤੀਬਰ, ਅਤੀ ਤੀਬਰ ਹੋ ਠਾਠਾਂ ਮਾਰਨ ਲਗ ਪਈ।

ਅਜੇਹੀ ਦੁਰਘਟਨਾਂ ਨੂੰ ਭਲਾ ਮਾਯਾਧਾਰੀ ਧੜਾ ਕਦ ਸਹਾਰ ਸਕਦਾ ਸੀ! ਮਾਯਾਧਾਰੀ ਸਰਕਾਰ ਵਲੋਂ ਏਥੇ ਭੀ ਅਨੇਕਾਂ ਤਰ੍ਹਾਂ ਦੀਆਂ ਊਜਾਂ ਲਾ ਲਾ ਇਸ ਬਦਕਿਸਤ ਭੋਲੀ ਹਿੰਦੀ ਗੁਲਾਮ ਕੌਮ ਨੂੰ ਬਦਨਾਮ ਕਰ ਕਰਿ ਕਰਿ ਅਮ੍ਰੀਕਨਾਂ ਦੀ ਨਜ਼ਰੋਂ ਗਿਰਾਇਆ ਗਿਆ।

ਤਰ੍ਹਾਂ ਤਰ੍ਹਾਂ ਦੀਆਂ ਬਦਸਲੂਕੀਆਂ ਨਾਲਿ ਹਿੰਦੁਸਤਾਨੀਆਂ ਦੇ ਦਿਲੀ ਫੋੜੇ ਭਰ ਗਏ ਤੇ ਮਾਯਾ ਧਾਰੀਆਂ (ਅੰਗ੍ਰੇਜ਼ਾਂ) ਦੇ ਵਿਰੁਧ ਘਿਰਣਾਂ ਦੀ ਜੁਵਾਲਾ ਪ੍ਰਜ੍ਵਲਤਾ ਹੋ ਠਾਠਾਂ ਮਾਰਨ ਲਗ ਪਈ।

ਸਵਤੰਤ੍ਰਤਾ ਦੀ ਥੋੜੀ ਜੇਹੀ ਝਲਕ ਦੇਖਕੇ ਗੁਲਾਮੀ ਵਿਚ ਜੰਮੇ ਪਲੇ ਹਿੰਦੀਆਂ ਨੂੰ ਆਪਣੀ ਅਸਲੀ ਹਾਲਤ ਸਾਫ਼ ਦਿਸਣ ਲਗ ਪਈ। ਦੇਸ ਪ੍ਰਦੇਸਾਂ ਵਿਚ ਹੋ ਰਹੇ ਜ਼ੁਲਮਾਂ ਦਾ ਚਿਤ੍ਰ ਰਹਿ ਰਹਿ ਕੇ ਅੱਖਾਂ ਸੋਂਹੇ ਆਵੇ ਤੇ ਛਾਤੀ ਧੜਕਨ ਤੇ ਡੌਲੇ ਫਰਕਨ ਲਗ ਪੈਣ। ਇਹ ਖਿਆਲ ਵਾਪਰਦਾ ੨ ਅੰਤ ਨੂੰ ਸਥਾਈ ਫੜ ਗਿਆ। ਸੀਨੇ ਜੋਸ਼ ਨਾਲ ਫੜਕ ਉਠੇ। ਆਜ਼ਾਦੀ ਦੀ ਧੁਨਿ ਵਿਚ ਆਪਾ ਵਾਰਨ ਦੇ ਖਿਆਲ ਵਿਚ ਬਾਗੀ ਹੋਣ ਨੂੰ ਫਖਰ ਸਮਝਕੇ, ਸਵਤੰਤ੍ਰਤਾ ਲਈ ਫਾਂਸੀ ਲਟਕਨ ਨੂੰ ਜੀਵਨ ਜਾਣ ਕੇ ਕੌਮ ਦੇ ਸੁਚੇ ਲਾਲ, ਅਜ਼ਾਦੀ ਸ਼ਮ੍ਹਾਂ ਦੇ ਪ੍ਰਵਾਨੇ, ਦੇਸ਼-ਪ੍ਰੇਮ ਦੇ ਦੀਵਾਨੇ, ਤੇ ਕੌਮੀਅਤ ਨਸ਼ਾ ਪੀ ਮਸਤਾਨੇ ਪ੍ਰਜਾ ਭਗਤਾਂ ਨੇ ਗੁਲਾਮੀ ਦੀਆਂ ਜ਼ੰਜੀਰਾਂ ਕਟਨ ਲਈ ਦਰ ਦਰ ਫਿਰ ਕੇ ਕੁਛ ਮਾਯਾ ਇਕੱਤ੍ਰ ਕਰਕੇ ਇਕ ਅਖਬਾਰ ਜਾਰੀ ਕੀਤਾ ਜਿਸ ਦਾ ਨਾਮ ਰਖਿਆ "ਗ਼ਦਰ"।

"ਗ਼ਦਰ" !

ਅਸਲ ਵਿਚ ਇਹ ਗ਼ਦਰ ਅਖਬਾਰ ਉਹਨਾਂ ਸ਼ਹੀਦ ਦੇਸ਼ ਭਗਤਾਂ ਦੇ ਦਿਲ ਦੀ ਭੜਾਸ ਸੀ।

ਇਸ ਗ਼ਦਰ ਨੇ ਹਿੰਦੀਆਂ ਦੇ ਦਿਲੀਂ ਭਰ ਰਹੇ ਫੋੜੇ ਨੂੰ ਤਕੌਣ ਲਈ ਪੁਲਸਟ ਅਥਵਾ ਤੇਜ਼ ਨਸ਼ਤਰ ਦਾ ਕੰਮ ਕੀਤਾ, ਜਿਸਨੂੰ ਪੜ੍ਹਦਿਆਂ ਹੀ ਹਿੰਦੀਆਂ ਦੇ ਕਸ਼ਟਾਂਤਰ ਭਰੇ ਹੋਏ ਦਿਲ ਬਹਿ ਨਿਕਲੇ।

ਅਜ਼ਾਦੀ ਲਈ ਵਲਵਲੇ !

ਕੌਮਾਂ ਗਾਟਾ ਮਾਰੂ ਜਹਾਜ਼ ਦੀ ਵਾਕਫੀਅਤ ਕਰੌਣ ਦੀ ਲੋੜ ਨਹੀਂ ਇਸ ਅਦੁਤੀ ਹਿੰਦੀ ਜਹਾਜ਼ ਨੂੰ ਅਮ੍ਰੀਕਾ ਵਿਚ ਦਾਖਲ ਹੋਇਆਂ ਡੇਢ ਮਹੀਨੇ ਦੇ ਲਗ ਭਗ ਹੋ ਚੁਕਾ ਸੀ । ਮਾਯਾ ਧਾਰੀ ਧੜੇ (ਕੈਨੇਡਾ ਸ੍ਰਕਾਰ) ਦੀਆਂ ਬਦਸਲੂਕੀਆਂ । ਮੁਸਾਫਰਾਂ ਨੂੰ ਉਤ੍ਰਨ ਨ ਦੇਣਾ । ਕੈਨੇਡਾ ਦੇ ਵਸਨੀਕ ਹਿੰਦੀਆਂ ਨੂੰ ਮਿਲਣ ਨ ਦੇਣਾ । ਜੰਗੀ ਜਹਾਜ਼ਾਂ ਦੇ ਪਹਿਰੇ, ਮਾਰ ਮੁਕੌਣ ਦੇ ਦਾਬੇ ਆਦਿਕ ਨੇ ਅਮ੍ਰੀਕਾ ਦੇ ਵਸਨੀਕ ਕਿਰਤੀ ਹਿੰਦੀਆਂ ਦੇ ਦੁਖਾਂ ਨੂੰ ਦੂਣਾ ਕਰ ਦਿਤਾ, ਦਿਲ ਤੜਫ ਉਠੇ । ਜੰਤਾ ਦੀ ਰਖਕ, ਕਾਨੂੰਨ, ਅਮਨ ਕਾਇਮ ਰਖਨ ਦੀ ਠੇਕੇਦਾਰਨਿ ਸਰਕਾਰ ਦੇ ਵਿਰੁਧ ਘ੍ਰਿਣਾ ਦੀ ਅਗਨੀ ਦੇ ਭਾਂਬੜ ਬਲ ਉਠੇ ।

ਇਸਦੇ ਨਾਲ ਹੀ ਤੀਜਾ ਬਲਦੀ ਤੇ ਤੇਲ ਦਾ ਕੰਮ ਭਾਈ ਭਗਵਾਨ ਸਿੰਘ ਗ੍ਰੰਥੀ ਦੇ ਕੈਨੇਡਾ ਵਿਚੋਂ ਧਕੇ ਧਕੀ ਕੈਨੇਡਾ ਸ੍ਰਕਾਰ ਵਲੋਂ ਮਹਾਂ ਨਿੰਦਨੀਯ ਅਨਜਾਈ ਵਤੀਰੇ ਨਾਲ ਕਢੇ ਜਾਣ ਨੇ ਕੀਤਾ । ਉਸਦੀਆਂ ਮੁਸ਼ਕਾਂ ਬੰਨ੍ਹ, ਮੂੰਹ ਬੰਨ੍ਹ, ਗਲ ਘੁਟ, ਬੁਰੀ ਬੇ-ਦਰਦੀ ਨਾਲ ਮਾਰ ਕੁਟ ਕਰਕੇ ਜਹਾਜ਼ ਵਿਚ ਸੁਟਣ ਦੇ ਹਾਲ ਸੁਣਿ ਸੁਣਿਕੇ ਦੁਖੀਆਂ ਦੇ ਦਿਲ ਮਰਨ ਨੂੰ ਉਮੰਡ ਆਏ । ਦੁਨੀਆਵੀ ਇਸ਼ਰਤ ਟੱਬਰ ਕਬੀਲੇ ਸਾਕ ਸਬੰਧੀਆਂ ਦੇ ਸਾਰੇ ਮੋਹ ਮਮਤਾ ਦੇ ਖਿਆਲ ਭੁਲ ਗਏ । ਤੇ ਬਸ ਜੇ ਰਹਿ ਗਿਆ ਤਾ ਰਹਿ ਗਿਆ ਇਕੋ ਹੀ ਖਿਆਲ "ਅਜ਼ਾਦੀ ਯਾ ਮੌਤ" ।

ਉਕੱਤ ਘਰ ਦੇ ਹਾਲ (ਦਾਲਾਨ) ਕਮਰੇ ਵਿਚ ਅਜ ਖ਼ੂਬ ਸਜਾਵਟ ਹੈ । ਇਹ ਸਜਾਵਟ ਹੈ ਭੀ ਨਿਰਾਲੀ ਹੀ ਲਕੜੀ ਦੀਆਂ

ਕੰਧਾਂ ਉਪਰ ਰੰਗਦਾਰ ਬੇਲ ਬੂਟਿਆਂ ਵਾਲਾ ਚਿਕਨ ਕਾਗਜ਼ ਲਗਾ ਹੋਇਆ ਹੈ। ਜੋ ਹਦ ਦਰਜੇ ਦੀ ਮੀਨਾਕਾਰੀ ਦੀ ਛਬਿ ਦੇ ਰਿਹਾ ਹੈ। ਢਾਈ ਕੁ ਫੁਟ ਕੰਧ ਹੇਠੋਂ ਸਾਵੇ ਰੰਗ ਦੇ ਮੋਮੀ ਕਾਗਜ਼ ਨਾਲ ਢਕਕੇ ਉਪਰ ਦੋ ਧਾਰੀਆਂ ਤੇ ਫੇਰ ਉਪਰ ਪਤਲਾ ਕਾਗਜ਼, ਸਚ ਮੁਚ ਹੀ ਚੁਨੇਗਚ ਕੰਧ ਉਤੇ ਮੁਸੱਵਰੀ ਜ਼ਾਹਰ ਕਰ ਰਿਹਾ ਸੀ। ਦਰਵਾਜ਼ਿਆਂ ਵਿਚ ਹਿੰਦੁਸਤਾਨ ਦੀਆਂ ਖਾਸ ਕਰਕੇ ਪੰਜਾਬ ਦੀਆਂ ਹਥੀਂ ਕਢੀਆਂ ਹੋਈਆਂ ਫੁਲਕਾਰੀਆਂ ਲਟਕਦੀਆਂ ਹਨ। ਜੋ ਪੜਦਿਆਂ ਦਾ ਕੰਮ ਦੇ ਰਹੀਆਂ ਹਨ। ਖਿੜਕੀਆਂ ਅਗੇ ਚੀਨ ਤੇ ਜਾਪਾਨ ਦੇ ਸੁਏਕ ਜੇਹੇ ਪਰ ਬੜੇ ਸੋਹਣੇ ਪੜਦੇ ਹਨ, ਜੋ ਉਤਾਹਾਂ ਦੁਕੇ ਹੋਏ ਹਨ। ਦੀਵਾਰਾਂ ਦੀ ਸਜਾਵਟ ਦੇਖਣ ਯੋਗ ਹੈ। ਕਿਤੇ ਪੁਰਾਣੇ ਸਮੇਂ ਦੀ ਟੋਪੀ ਹੈ, ਤੇ ਕਿਤੇ ਖੰਭਾਂ ਵਾਲੇ ਦੋ ਦੋ ਉਂਗਲ ਚੌੜੀ ਮੋਹਰੀ ਵਾਲੇ ਤੀਰ। ਇਕ ਬੂਹੇ ਦੇ ਉਪਰ ਦੁਸਾਂਗੜ ਬਣੇ ਲਗੇ ਹੋਏ ਹਨ। ਕਿਤੇ ਪੁਰਾਣੀ ਅੰਗੂਠੇ ਜੇਡੀ ਮੋਟੀ ਗੋਲੀ ਚਲੌਣ ਵਾਲੀ ਉਪਰੋਂ ਭਰਨ ਵਾਲੀ ਬੰਦੂਕ ਹੈ, ਤੇ ਕਿਤੇ ਡੇਢ ਹਥ ਲੰਮਾਂ ਪਸਤੌਲ ਲਟਕ ਰਿਹਾ ਹੈ। ਕਿਤੇ ਬਾਜ਼ ਚੁੰਜ ਵਰਗਾ ਬੁਲ ਹੁਕ ਹੈ। ਤੇ ਕਿਤੇ ਨੀਪਾਲੀ ਖੋਖਰੀ ਨਾਲ ਮਿਲਦਾ ਜੁਲਦਾ ਦਾਉ (ਛੁਰਾ) ਜੜਿਆ ਹੋਇਆ ਹੈ। ਕਿਤੇ ਪਤਲੀ ਲੰਮੀ ਪੇਸ਼ -ਕਬਜ਼ ਹੈ ਤੇ ਕਿਤੇ ਸ਼ੇਰ ਪੰਜਾ ਹੈ। ਗਲ ਕੀ ਚੌਹੀਂ ਪਾਸੀਂ ਨਜ਼ਰ ਮਾਰਨ ਨਾਲ ਪਤਾ ਲਗਦਾ ਹੈ ਕਿ ਇਹ ਸਾਰੇ ਦੇ ਸਾਰੇ ਹੀ ਸ਼ਸਤ੍ਰ ਪੁਰਾਣੇ ਸਮੇਂ ਦੇ ਹਨ, ਤੇ ਬੜੇ ਸਾਂਭਕੇ ਰਖੇ ਹੋਏ ਹਨ ਜੋ ਖੂਬ ਲਿਸ਼ਕ ਰਹੇ ਹਨ।

ਇਹਨਾਂ ਲਟਕ ਰਹੇ ਪੁਰਾਤਨ ਸ਼ਸਤ੍ਰਾਂ ਦੇ ਵਿਚਿ ਵਿਚਿ ਜ਼ਰਾ ਕੁ ਉਚੇਰੀ ਕਰਕੇ ਥੋੜੀ ਥੋੜੀ ਦੂਰ ਤੇ ਇਕ ਇਕ ਹਿੰਦੁਸਤਾਨੀ ਫੁਲਕਾਰੀ ਲਟਕ ਰਹੀ ਹੈ।

ਇਹ ਕਮਰਾ ਅੱਜ ਖਾਸ ਤੌਰ ਨਾਲ ਸਜਾਇਆ ਗਿਆ ਹੈ,

ਦਰਸ਼ਕਾਂ ਵਿਚ ਭੀ ਸਾਧਾਰਨ ਸਮਾਗਮਾਂ ਨਾਲੋਂ ਦੂਣੀ ਤੋਂ ਭੀ ਵਧੀਕ ਗਿਣਤੀ ਹੈ।

ਬਿਨਾਂ ਪੰਜ ਚਾਰ ਅਮ੍ਰੀਕਨ ਆਦਮੀ ਤੀਵੀਆਂ ਦੇ ਬਾਕੀ ਸਾਰੇ ਦੇ ਸਾਰੇ ਹਿੰਦੁਸਤਾਨੀ ਹੀ ਹਨ। ਹਾਂ ਦੋ ਮੁਟਿਆਰ ਕੁਆਰੀਆਂ ਅਮ੍ਰੀਕਨ ਕੁੜੀਆਂ ਭੀ ਹਨ। ਜੋ ਗੁਲਾਮ ਹਿੰਦੁਸਤਾਨ ਦੀ ਹਾਲਤ ਤੇ ਸਮੇਂ ਸਮੇਂ ਸਿਰ ਜ਼ਬਾਨ ਤੇ ਕਲਮ ਰਾਹੀਂ ਚਾਰ ਹੰਝੂ ਕੇਰਦੀਆਂ ਰਹਿੰਦੀਆਂ ਹਨ। ਇਹ ਦੋਵੇਂ ਜੂਨੀਵਰਸਟੀ (ਮਹਾਂ ਵਿਦਿਆਲਾ) ਦੀਆਂ ਵਿਦਿਆਰਥਨਾਂ, ਹਿੰਦੀਆਂ ਨਾਲ ਪ੍ਰੇਮ ਕਰਨ ਵਾਲੀਆਂ ਹਨ।

ਘਰ ਦੀ ਮਾਲਿਕਾ ਬੁਢੀ ਮਾਈ ਦੇ ਅਜ ਵਧੀਆ ਰੇਸ਼ਮ ਦੀ ਚਿਟੀ ਪੋਸ਼ਾਕ ਹੈ ਤੇ ਪੈਰੀਂ ਰੀਗਲ ਬਰਾਂਡ ਵਧੀਆ ਬੂਟ ਹੈ।

ਸਾਰੇ ਪਰਾਹੁਣੇ ਕੁਰਸੀਆਂ ਪਰ ਬੈਠ ਰਹੇ ਹਨ। ਪਰ ਇਹ ਬੁੱਢੀ ਅਜ ਡਾਢੀ ਹੀ ਖੁਸ਼ੀ ਵਿਚ ਕਲੇ ਕਲੇ ਕੋਲ ਜਾਂਦੀ ਤੇ ਕੋਈ ਨ ਕੋਈ ਗਲ ਆਖਕੇ ਹਸੌਂਦੀ ਹੈ।

ਪਾਠਕ ਜਨ ਜ਼ਰੂਰ ਸੋਚਦੇ ਹੋਣਗੇ ਕਿ ਇਹ ਸਭ ਦੇਸ਼-ਪ੍ਰੇਮ ਦੇ ਖੀਵੇ ਪ੍ਰਜਾ ਭਗਤ ਕੌਣ ਹਨ ? ਕਿਥੋਂ ਤੇ ਕਿਵੇਂ ਇਕੱਠੇ ਹੋਏ ਹਨ ?

ਭਾਵੇਂ ਅਸੀਂ ਪਿਛੇ ਦਸ ਆਏ ਹਾਂ, ਪਰ ਏਥੇ ਭੀ ਜ਼ਰਾ ਕੁ ਦਸ ਦੇਣਾ ਅਯੋਗ ਨਹੀਂ ਹੋਵੇ ਗਾ।

ਇਨ੍ਹਾਂ ਵਿਚ ਰਲੇ ਮਿਲੇ ਹਿੰਦੁਸਤਾਨੀ, ਬੰਗਾਲੀ, ਗੁਜਰਾਤੀ, ਮਰਹੱਟੇ ਤੇ ਪੰਜਾਬੀ ਆਦਿਕ ਅਮ੍ਰੀਕਾ ਦੇ ਵਿਸ਼ਵ ਵਿਦਜਾਲਿਆਂ ਵਿਚ ਪੜ੍ਹ ਰਹੇ ਵਿਦਿਯਾਰਥੀ ਹਨ, ਜਿਨ੍ਹਾਂ ਦੇ ਨਾਲ ਅਜ ਬਹੁਤ ਸਾਰੇ ਪ੍ਰਜਾ ਭਗਤ ਕਿਰਤੀ ਭੀ ਹਨ ਜੋ ਖਾਸ ਤੌਰ ਨਾਲ ਆਏ ਤੇ ਬੁਲਾਏ ਗਏ

ਹਨ। ਇਸ ਐਮ੍ਰੀਕਨ ਬੁੱਢੀ ਦੇ ਖਿਆਲਾਂ ਦੀ ਧੁੰਮ ਅਮ੍ਰੀਕਾ ਦੇ ਹਿੰਦੀਆਂ ਵਿਚ ਕਾਫ਼ੀ ਪੈ ਚੁੱਕੀ ਹੈ। ਇਹ ਅਛੀ ਤਰ੍ਹਾਂ ਪਤਾ ਲਗ ਚੁਕਾ ਹੈ ਕਿ ਇਹ ਬੁਢੀ ਹਿੰਦੀਆਂ ਦੀਆਂ ਗੁਲਾਮੀ ਦੀਆਂ ਬੇੜੀਆਂ ਕਟਣ ਵਿਚ ਵਿਤੋਂ ਬਾਹਲਾ ਹਿਸਾ ਲੈਂਦੀ ਹੈ, ਅਭਾਗਿਆਂ ਨਾਲ ਪੁਤਰਾਂ ਨਾਲੋਂ ਵਧੀਕ ਪਿਆਰ ਕਰਦੀ ਹੈ।

ਇਹ ਬੁੱਢੀ ਸੀਐਟਲ ਔਰੇਗਨ ਤੇ ਬਰਕਲੇ ਆਦਿਕ ਵਿਸ਼ਵ ਵਿਦਿਆਲਿਆਂ ਦੇ ਬਹੁਤ ਸਾਰੇ ਹਿੰਦੀ ਵਿਦਿਆਰਥੀਆਂ ਦੀ ਜਾਣੂ ਹੈ। ਕਿਉਂਕਿ ਸਮੇਂ ਸਮੇਂ ਸਿਰ ਇਹ ਸਾਰੇ ਹੀ ਵਧੀਕ ਕਰਕੇ ਇਸ ਮਾਈ ਦੇ ਘਰ ਹੀ ਮਿਲਦੇ ਰਹਿੰਦੇ ਹਨ। ਸੰਸਾਰ ਦੀ ਗੁਲਾਮੀ ਤੇ ਖਾਸ ਕਰਕੇ ਹਿੰਦੁਸਤਾਨ ਦੀ ਬਾਬਤ ਵਿਚਾਰਾਂ ਕਰਦੇ ਰਹਿੰਦੇ ਹਨ। ਸੀਐਟਲ ਦੇ ਵਿਦਿਆਰਥੀਆਂ ਦੇ ਖਾਣੇ ਦਾ ਪ੍ਰਬੰਧ ਭੀ ਇਸੇ ਬੁਢੀ ਦੇ ਘਰ ਹੈ, ਤੇ ਆਇਆਂ ਗਿਆਂ ਹਿੰਦੀਆਂ ਨੂੰ ਇਸੇ ਕਰਕੇ ਹੀ ਏਥੇ ਔਣਾ ਜਾਣਾ ਪੈਂਦਾ ਹੈ ਜਿਸ ਕਰਕੇ ਵਧੀਕ ਵਾਕਫੀ ਹੈ।

ਏਸ ਚਾਰ ਜੁਲਾਈ ਨੂੰ ਇਸ ਬੁਢੀ ਪ੍ਰਜਾ-ਭਗਤਨਿ ਨੇ ਆਪਨੇ ਵਲੋਂ ਇਨ੍ਹਾਂ ਸਾਰੇ ਹਿੰਦੀਆਂ ਨੂੰ ਸਦਿਆ ਹੈ; ਜੋ ਦੂਰੋਂ ਦੂਰੋਂ ਆਏ ਹਨ। ਅਜ ਇਨ੍ਹਾਂ ਵਿਚ ਬਹੁਤ ਸਾਰੇ ਕਿਰਤੀ ਭੀ ਹਨ ਜੋ ਉਚੇਚੇ ਇਸ ਸਮਾਗਮ ਲਈ ਆਏ ਹਨ। ਇਹ ਸਭ ਭਾਰਤ ਮਾਤਾ ਦੇ ਪ੍ਰੇਮ-ਪੁਜਾਰੀ ਤੇ ਆਜ਼ਾਦੀ ਦੇ ਆਸ਼ਕ ਹਨ। ਬੁਢੀ ਮਾਈ ਭੀ ਇਨ੍ਹਾਂ ਮਸਤਾਨਿਆਂ ਨੂੰ ਆਸ ਥੀਂ ਵਧੀਕ ਗਿਨਤੀ ਵਿਚ ਆਇਆਂ ਦੇਖ ਕੇ ਹਦੋਂ ਵਧ ਖੁਸ਼ ਹੋ ਰਹੀ ਹੈ।

(੧੩)

ਕਰਤਾਰ ਸਿੰਘ

ਦਾਲਾਨ (Hall-room) ਵਿਚ ਬੈਠਿਆਂ ਪ੍ਰਾਹੁਣਿਆਂ

ਦੀਆਂ ਨਜ਼ਰਾਂ ਕੰਧਾ ਵਲ ਲਗੀਆਂ ਹੋਈਆਂ ਹਨ। ਚੁਫੇਰੇ ਦੇਖਨ ਲਈ ਸਿਰ ਘੁੰਮ ਰਹੇ ਹਨ। ਮਾਈ ਦੇ ਸ਼ਸਤ੍ਰ ਪ੍ਰੇਮ ਤੇ ਪੁਰਾਤਨ ਯਾਦ ਤਾਜ਼ਾ ਕਰਨਦੇ ਕਾਰਨਾਂ ਨੂੰ ਸਾਂਭ ਰਖਨ ਦੀ ਪ੍ਰਸੰਸਾ ਕੰਨੋਂ ਸੰਨੀ ਹੋ ਰਹੀ ਹੈ। ਪਰ ਬੁਢੀ ਮਾਲਕਾ ਦੀਆਂ ਅਖੀਆਂ ਮੁੜ ਮੁੜ ਕੰਧ ਨਾਲ ਲਟਕ ਰਹੀ ਘੜੀ ਵਲ ਜਾ ਰਹੀਆਂ ਹਨ। ਕਈ ਸਜਨੇ ਇਕ ਦੂਜੇ ਨਾਲ ਇਸ ਬਾਰੇ ਹੌਲੀ ਹੌਲੀ ਕਹਿ ਰਹੇ ਹਨ ਕਿ "ਬ੍ਰਿਧ ਮਾਈ ਕਿਸੇ ਦੀ ਉਡੀਕ ਵਿਚ ਹੈ" ਕਲਾਕ ਨੇ ਟਨ ਟਨ ਟਨ.....ਅਠ ਖੜਕਾਏ ਅਜੇ ਖੜਕਦੇ ਹੀ ਸਨ ਕਿ ਭਾ: ਕਰਤਾਰ ਸਿੰਘ ਹਸੂੰ ਹਸੂੰ ਕਰਦਾ ਤੇ ਇਹ ਗਜ਼ਲ:-

'ਖੁਸ਼ੀ ਕੇ ਦੌਰ ਦੌਰਾਂ ਸੇ ਹੈ, ਯਾਂ ਰੰਜੋ ਮਹਨ ਪਹਿਲੇ' !
'ਬਹਾਰ ਆਤੀ ਹੈ ਪੀਛੇ, ਅਰੁ ਖਿਜ਼ਾਂ ਗਿਰਦੇ ਚਮਨ ਪਹਿਲੇ' !
'ਮੁਹਿੱਬਾਨੇ ਵਤਨ ਹੋਂਗੇ, ਹਜ਼ਾਰੋਂ ਬੇ ਵਤਨ ਪਹਿਲੇ' !
'ਫਲੇਗਾ ਹਿੰਦ ਪੀਛੇ, ਅਰੁ ਭਰੇਗਾ ਅੰਡੇਮਾਨ ਪਹਿਲੇ' !
ਮੁਨੱਵਰ ਅੰਜਮਨ ਹੋਤੀ ਹੈ ਮਹਿਫਲ ਗਰਮ ਹੋਤੀ ਹੈ !
'ਮਗਰ ਕਬ? ਜਬ ਕਿ ਜਲਤੀ ਹੈ, ਸ਼ਮੰਹ ਖੁਦ ਅੰਜਮਨ ਪਹਿਲੇ' !
'ਜ਼ਮੀਨ ਹਿੰਦ ਭੀ ਫੂਲੇ ਫਲੇ ਗਾਂ, ਏਕ ਦਿਨ ਲੇਕਨ' ,
'ਮਿਲੇਂਗੇ ਖਾਕ ਮੈਂ ਲਾਖੋਂ, ਹਮਾਰੇ ਗੁਲਬਦਨ ਪਹਿਲੇ' !
'ਹਮੇਂ ਦੁਖ ਭੋਗਨਾ ਲੇਕਨ, ਹਮਾਰੀ ਨਸਲ ਸੁਖ ਪਾਵੇ' ,
'ਯਿ ਦਿਲ ਮੇਂ ਠਾਨ ਲੋ ਅਪਨੇ, ਐ ਹਿੰਦੀ ਮਰਦੋ ਜ਼ਨ ਪਹਿਲੇ !
'ਮੁਸੀਬਤ ਆਏ ਕਜਾਮ ਆਏ, ਕਜਾ ਪਰਵਾਹ ਗ਼ਮ ਕੀ' ,
'ਯਹਾਂ ਤੱਯਾਰ ਬੈਠੇ ਹੈਂ, ਗ਼ਰੀਬਾਨੇ ਵਤਨ ਪਹਿਲੇ' !

ਗੌਂਦਾ ਤੇ ਮਸਤਾਨਾ-ਵਾਰ ਝੂਲਦਾ ਅੰਦਰ ਆਇਆ। ਸਭ ਦੀਆਂ ਨਜ਼ਰਾਂ ਉਧਰੇ ਖਿਚੀਆਂ ਗਈਆਂ। ਦਰਵਾਜ਼ਿਓਂ ਦੋ ਕਦਮ

ਅਰੀ ਵਧਕੇ ਉਕਤ ਵੀਰ ਨੇ ਸਾਰੀ ਗਜ਼ਲ ਬੜੇ ਹੀ ਲਟਕੀਲੇ ਤੇ ਜੋਸ਼ੀਲੇ ਸੁਰ ਨਾਲ ਮੱਸਤੀ ਵਿਚ ਆਕੇ ਪੜ੍ਹੀ।

ਪਿਛਾੜੀ ਦੀ ਝੁਕ 'ਮੁਸੀਬਤ ਆਏ ਕਜਾਮਤ ਅਏ' ਵਾਲੀ ਪੜ੍ਹਦਿਆਂ ਸਰੀਰ ਤਣ ਗਿਆ, ਮੁਠੀਆਂ ਮਿਚ ਗਈਆਂ ਤੇ ਅੱਖਾਂ ਦੇ ਡੋਰੇ ਫੁਲ ਆਏ, ਚਮਕ ਦੂਣੀ ਹੋ ਗਈ ਤੇ ਸਿਰ ਮਗ਼ਰੂਰੀ ਵਿਚ 'ਕਜਾ ਪਰਵਾਹ ਹੈ ਗ਼ਮ ਕੀ ਕਹਿੰਦਿਆਂ ਹੀ ਪਿਛਾਂ ਨੂੰ ਹਿਲਿਆ, ਬੁਲ ਮੁਸਕਰਾਏ, ਅੰਤ ਦੀ ਅਧੀ ਪੰਕਤੀ 'ਯਹਾਂ ਤਯਾਰ ਬੈਠੇ ਹੈਂ..... ਕਹੀ ਤਾਂ ਸਿਰ ਅਗੇ ਨੂੰ ਝੁਕਿਆ ਤੇ ਹਿਲਿਆ ਹੱਥ ਹਿੱਕ ਤੇ ਜਾ ਵੱਜਾ।

ਸਰੋਤੇ ਮਾਨੋ ਜਾਦੂਨਾਲਿ ਬਧੇ ਪਏ ਸਨ, ਕੋਈ ਉੱਚਾ ਸਾਹ ਸਾਹ ਤਕ ਨਾ ਸੀ ਲੈਂਦਾ ਇਕ-ਟਕ ਨਜ਼ਰਾਂ ਲਾਈ ਉਕਤ ਵੀਰ ਦੇ ਚਿਹਰੇ ਵਲ ਤੱਕ ਰਹੇ ਸਨ। ਗਜ਼ਲ ਖਤਮ ਹੋਈ, ਵੀਰ ਕਰਤਾਰ ਧਿੰਘ ਨੇ 'ਬੰਦੇਮਾਤ੍ਰਮ' ਦਾ ਜੈਕਾਰਾ ਗਜਾਇਆ, ਅਮੈਰੀਕਨ ਨੂੰ ਗੁਡਮਾਰਨਿੰਗ (Good morning) ਆਖਦਾ ਤੇ ਉਨ੍ਹਾਂ ਮੁਟਿਆਰ ਕੁੜੀਆਂ ਨੂੰ Hellow..... (ਨਾਮ ਲੈਕੇ) ਬੁਲਾਉਂਦਾ ਹੋਇਆ ਕੁਰਸੀ ਤੇ ਬੈਠ ਗਿਆ ਤੇ ਬੋਲਿਆ:—

'ਸਜਨੋਂ ! ਮੈਨੂੰ ਖਿਮਾਂ ਕਰੋਗੇ ਕਿ ਮੈਂ ਜ਼ਰਾ ਚਿਰਾਕਾ ਆਪ ਦੀ ਸੇਵਾ ਵਿਚ ਹਾਜ਼ਰ ਹੋ ਸਕਿਆ ਹਾਂ। ਸਬਬ ਇਹ ਕਿ ਗਡੀ ਠੀਕ ਪੌਣੇ ਅੱਠ ਬਜੇ ਏਥੇ (ਸੀਐਟਲ) ਪੁਜਦੀ ਹੈ ਤੇ ਅਜ ਤਾਂ ਹੋਰ ਭੀ ਪੰਜ ਮਿੰਟ ਲੇਟ ਹੋਕੇ ਆਈ ਹੈ।'

ਇਕ ਅਮੈਰੀਕਨ ਇਸਤ੍ਰੀ:—(ਅੰਗਰੇਜ਼ੀ ਵਿਚ) ਤੇ ਤੁਸੀਂ ਕਿਥੋਂ ਆਏ ਹੋ?

ਕਰਤਾਰ ਸਿੰਘ:—ਨੀਊਯਾਰਕ ਵਲੋਂ !

ਇਸਤ੍ਰੀ:—(ਹੈਰ'ਨੀ ਨਾਲ) ਨੀਉ ਯਾਰਕ ਵਲੋਂ !

ਕਰਤਾਰ ਸਿੰਘ:—ਹਾਂ ਮੇਮ ਸਾਹਿਬ !

ਇਸਤ੍ਰੀ:—ਤੁਸੀਂ ਉਥੇ ਕੀ ਕਰਦੇ ਸਾਓ ?

ਕਰਤਾਰ ਸਿੰਘ:—ਹਵਾਈ ਜਹਾਜ਼ਾਂ ਦਾ ਕੰਮ ਸਿਖਦਾ ਸਾਂ।

ਇਸਤ੍ਰੀ:—ਤਦ ਕੀ ਤੁਸੀਂ ਪੂਰੀ ਤਰ੍ਹਾਂ ਸਿਖ ਲਿਆ !

ਕਰਤਾਰ ਸਿੰਘ:—ਹਾਂ ਮੇਮ !

ਇਸਤ੍ਰੀ:—(ਮੁਸਕ੍ਰਾਕੇ) ਉਹ ! ਤਦ ਤਾਂ ਤੁਸੀਂ ਹਿੰਦੁਸਤਾਨ ਦੇ ਹਵਾਈ ਜਹਾਜ਼ੀ ਮਹਿਕਮੇਂ ਵਿਚ ਕਮਾਂਡਿੰਗ ਆਫੀਸਰ ਬਣਨਾ ਚਾਹੁੰਦੇ ਹੋ !

ਕਰਤਾਰ ਸਿੰਘ:—ਇਸ ਵਿਚ ਕੋਈ ਸ਼ਕ ਨਹੀਂ ਕਿ ਸਾਨੂੰ ਹਰ ਕਿਸਮ ਦੀ ਤਾਕਤ ਤੇ ਹਰ ਫਨ ਦੇ ਆਦਮੀ ਲੋੜੀਦੇ ਹਨ।

ਹੁਣ ਕੁਛ ਚਿਰ ਮਿਲ ਮਿਲਾਵਟ ਤੇ ਮਾਮੂਲੀ ਗਲਾਂ ਹੁੰਦੀਆਂ ਰਹੀਆਂ। ਨਵਿਆਂ ਪੁਰਾਣਿਆਂ ਨਾਲ ਵਾਕਫੀ ਤੇ ਖਿਆਲਾਂ ਦਾ ਵਟਾਂਦਰਾ ਹੋਇਆ।

(੧੪)

ਬਜ਼ੁਰਗਾਂ ਦੀਆਂ ਯਾਦਗਾਰਾਂ !

ਖਾਣਾ ਖਾ ਚੁੱਕਣ ਪਿਛੋਂ ਫੇਰ ਆਪੋ ਵਿਚ ਦੀ ਹੌਲੀ ੨ ਗਲ ਬਾਤ ਅਰੰਭ ਹੋਈ। ਹਰ ਇਕ ਦੀ ਜੀਭ ਉਤੇ ਘਰ ਦੀ ਮਾਲਕਾ ਬੁਢੀ ਮਾਈ ਦੀ ਪਰਸੰਸਾ ਸੀ। ਕੋਈ ਸੁਭਾਉ ਤੇ ਕੋਈ ਪ੍ਰੇਮ ਦੀ ਸੋਭਾ ਕਰ

ਰਿਹਾ ਸੀ। ਸਮੁਚੇ ਤੌਰ ਤੇ ਬ੍ਰਿਧ ਮਾਈ ਦੇ ਸ਼ਸਤ੍ਰ-ਪ੍ਰੇਮ ਸ਼ਹੀਦਾਂ ਦੀ ਯਾਦਗਾਰ ਨੂੰ ਸਾਂਭ ਰਖਣ ਤੇ ਪੁਰਾਤਨ ਕਾਰਨਾਮਿਆਂ ਨੂੰ ਜੀਉਂਦਿਆਂ ਰਖਣ ਦੀ ਚਰਚਾ ਹੋ ਰਹੀ ਸੀ। ਹੈ ਭੀ ਸਚੁ। ਜਿਨ੍ਹਾਂ ਕੌਮਾਂ ਵਿਚੋਂ ਬਹਾਦਰੀ ਦੀਆਂ ਪੁਰਾਤਨ ਯਾਦਗਾਰਾਂ ਗੁੰਮ ਹੋ ਗਈਆਂ ਉਹ ਕੌਮਾਂ ਹੀ ਮਰ ਗਈਆਂ। ਅਸੀਂ ਜ਼ਰਾ ਭੀ ਰੋਹ ਕਰਕੇ ਦੇਖੀਏ ਤਾਂ ਸਾਫ ਪਤਾ ਲਗ ਜਾਵੇਗਾ ਕਿ ਭਾਰਤ ਦੀ ਮੌਤ ਦੇ ਅਸਲੀ ਕਾਰਨ ਹੀ ਇਹ ਹਨ। ਆਮ ਧਾਰਮਕ ਵਿਦਿਆ ਤੇ ਅਸਲੀ ਸਭਯਤਾ ਤੋਂ ਹੀਨ। ਅੰਗਰੇਜ਼ੀ ਪੜ੍ਹੇ ਤੇਤੇ, ਨਾ ਦੇਸੀ ਨਾ ਬਦੇਸੀ। ਨਾ ਹਿੰਦੁਸਤਾਨੀ ਨਾ ਅੰਗ੍ਰੇਜ਼, ਅਰਥਾਤ ਉਪਰੋਂ ਹਿੰਦੁਸਤਾਨੀ ਤੇ ਵਿਚੋਂ ਹਿੰਦੁਸਤਾਨੀ ਰਸਮੋ ਰਿਵਾਜ਼ ਬੋਲ ਚਾਲ ਤੇ ਪਹਿਨਣ ਬਨੌਣ ਦੇ ਕਟੜ ਵੈਰੀ, ਨਵੀਂ ਤਹਿਜ਼ੀਬ ਦੇ ਪੱਖੀ, ਤੇ ਪੁਰਾਣੀ ਦੇ ਵਿਰੋਧੀ। ਪੜੇ ਲਿਖੇ ਤੋਂ ਜੇ ਆਪਣੇ ਬਜ਼ੁਰਗਾਂ ਦੀ ਬਾਬਤ ਪੁਛੋ ਤਾਂ ਉਹ ਝਟ ਕਹਿਦੇਉ:—'ਅ ਜੀ! ਸਾਡੇ ਵਡੇ ਜਾਣਦੇ ਹੀ ਕੀ ਸਨ? ਨਾ ਖਾਣ ਦੀ ਖਬਰ, ਨ ਪਹਿਨਣ ਦਾ ਸ਼ਉਰ, ਨਾ ਰਹਿਣ ਨੂੰ ਘਰ, ਨਾ ਬਹਿਣ ਨੂੰ ਥਾਂ, ਉਹ ਤਾਂ ਸਨ ਹੀ ਜੰਗਲੀ।'

ਆਪਣੇ ਬਜ਼ੁਰਗਾਂ ਨੂੰ ਆਪਣੇ ਆਪ ਹੀ ਜਗ੍ਹਾ ਜਗ੍ਹਾ ਬਦਨਾਮ ਕੀਤਾ ਜਾ ਰਿਹਾ ਹੈ। ਸਾਡੀਆਂ ਪੁਰਾਤਨ ਯਾਦਗਾਰਾਂ ਨੂੰ ਮਿਟਾਕੇ ਸਮੇਂ ਦੀ ਸਰਕਾਰ (ਅੰਗ੍ਰੇਜ਼ਾਂ) ਨੇ ਜਗ੍ਹਾ ਜਗ੍ਹਾ ਆਪਣੇ ਬਹਾਦਰਾਂ ਦੇ ਨਾਮ ਅੱਖਾਂ ਅਗੇ ਲਿਆ ਖੜੇ ਕੀਤੇ ਹਨ। ਸਾਡੇ ਖੱਸੀ ਹੋਣ ਦਾ ਅਸਲੀ ਕਾਰਨ ਹੀ ਇਹ ਹੈ। ਵੇਖੋ, ਕਿਤੇ 'ਕਰਜ਼ਨ' ਤੇ ਕਿਤੇ 'ਔਟਰਾਮ' ਦੇ ਬੁਤ ਖੜੇ ਹਨ। ਕਿਤੇ 'ਕਲਾਈਵ' ਤੇ ਡੂਲਹੌਜ਼ੀ ਦੀਆਂ ਮੂਰਤਾਂ ਹਨ। ਜਗ੍ਹਾ ਜਗ੍ਹਾ ਮਲਕਾਂ ਵਿਕਟੋਰੀਆ ਤੇ 'ਐਡਵਰਡ' ਦੇ ਸਟੈਚੂ ਤੇ ਤਸਵੀਰਾਂ ਹਨ। ਇਹ ਸਭ ਇਕ ਅੰਗਰੇਜ਼ ਦੇ ਦਿਲ ਨੂੰ ਤਾਂ ਦੂਣਾ ਕਰਦੇ ਹਨ ਪਰ ਹਿੰਦੁਸਤਾਨੀਆਂ ਨੂੰ ਖੱਸੀ ਕਰਨ ਦਾ ਕੰਮ ਕਰਦੇ ਹਨ। ਜੇ ਸਿਰ ਵਿਚ ਮਗਜ਼, ਛਾਤੀ ਵਿਚ ਦਿਲ ਤੇ ਦਿਲ ਵਿਚ ਕੁਛ ਭੀ ਕਤਰੇ ਸਚੇ ਮੁਲਕੀ

ਖ਼ੂਨ ਦੇ ਹਨ ਤਾਂ ਜ਼ਰਾ ਸੋਚੋ ਤੇ ਗੌਹ ਨਾਲ ਦੇਖੋ ਕਿ ਜੇ ਕਲਾਈਵ ਦੀ ਜਗ੍ਹਾ ਮਹਾਰਾਣਾ ਪ੍ਰਤਾਪ, ਡਲਹੌਜ਼ੀ ਦੀ ਥਾਂ ਮਹਾਰਾਜਾ ਰਣਜੀਤ ਸਿੰਘ, ਕਰਜ਼ਨ ਦੀ ਥਜਾਏ ਬੀਰ ਸ਼ਿਵਾ ਜੀ ਤੇ ਔਟਰਾਮ ਦੀ ਜਗ੍ਹਾ ਮਹਾਰਾਜਾ ਸ਼ੇਰ ਸਿੰਘ ਜੀ ਹੋਣ, ਤਾਂ ਕੀ ਸਚੇ ਹਿੰਦੁਸਤਾਨੀ ਦੇ ਦਿਲ ਉਤੇ ਬਿਜਲੀ ਦਾ ਅਸਰ ਨਾ ਹੋਵੇ? ਜੇ ਡਲਹੌਜ਼ੀ ਕਲਾਈਵ, ਹੇਅਰ, ਹੈਰੀਸਨ ਤੇ ਵਿਕਟੋਰੀਆ ਆਦਿਕ ਸੜਕਾਂ ਦੇ ਨਾਵਾਂ ਦੀ ਥਾਂ ਸ: ਸ਼ੇਰ ਸਿੰਘ, ਸ: ਸ਼ਾਮ ਸਿੰਘ ਅਟਾਰੀ, ਸ: ਚੇਤ ਸਿੰਘ, ਮਹਾਰਾਜਾ ਸ਼ਿਵਾ ਜੀ, ਮਹਾਰਾਨਾ ਪ੍ਰਤਾਪ, ਮਹਾਰਾਜਾ ਰਣਜੀਤ ਸਿੰਘ, ਬੀਰਾ ਲਛਮੀ ਬਾਈ, ਮਹਾਰਾਣੀ ਝਾਂਸੀ, ਬਾਬਾ ਬੰਦਾ, ਬਾਬਾ ਦੀਪ ਸਿੰਘ ਸ਼ਹੀਦ, ਬਾਬਾ ਗੁਰਬਖਸ਼ ਸਿੰਘ ਸ਼ਹੀਦ, ਅਕਾਲੀ ਫੂਲਾ ਸਿੰਘ ਸ਼ਹੀਦਾਂ ਦੇ ਨਾਵਾਂ ਪਰ ਸੜਕਾਂ ਤੇ Square (ਚੌਗਾਨਾਂ) ਦੇ ਨਾਮ ਹੋਣ ਤਦ ਕਈ ਮਰ ਰਹੇ ਮੀ ਨਾ ਉਠਣ ? ਕਾਇਰ ਬਹਾਦਰ ਨਾ ਹੋ ਜਾਣ ? ਗਭਰੂਆਂ ਦੀਆਂ ਛਾਤੀਆਂ ਵਿਚ ਖ਼ੂਨ ਨਾ ਖੌਲੇ। ਡੌਲੇ ਨਾ ਫਰਕ ਉਠਣ ? ਪਰ ਅਫਸੋਸ ਸਾਨੂੰ ਇਨ੍ਹਾਂ ਗਲਾਂ ਦਾ ਖਿਆਲ ਹੀ ਨਹੀਂ।

ਖੈਰ ! ਅਸੀਂ ਫਿਰ ਅਪਨੀ ਅਸਲੀ ਕਹਾਣੀ ਦੀ ਲੜੀ ਵੱਲ ਔਂਦੇ ਹਾਂ।

(੧੫)

ਸ਼ਸਤ੍ਰ ਪ੍ਰੇਮ !

ਬੁਢੀ ਮਾਈ ਦੇ ਸ਼ਸਤ੍ਰ ਪ੍ਰੇਮ ਨੂੰ ਹਰ ਇਕ ਸਲਾਹ ਰਿਹਾ ਸੀ। ਸਨ ਭੀ ਤਾਂ ਸਲਾਹੁਣੇ ਯੋਗ ਹੀ।

ਬੁਢੀ ਮਾਈ ਨੇ ਇਨ੍ਹਾਂ ਸ਼ਸਤਰਾਂ ਨੂੰ ਬੜੇ ਪ੍ਰੇਮ ਤੇ ਮਿਹਨਤ ਨਾਲ ਸੰਭਾਲ ਕੇ ਰਖਿਆ ਹੋਇਆ ਸੀ। ਇਸਨੂੰ ਇਨ੍ਹਾਂ ਪੁਰਾਤਨ ਵਸਤੂਆਂ

ਨਾਲ ਜਾਨ ਤੋਂ ਭੀ ਵਧੀਕ ਪਿਆਰ ਸੀ। ਇਹੋ ਹੀ ਕਾਰਨ ਹੈ ਕਿ ਐਨੇ ਚਿਰਾਂ ਤੋਂ ਇਕ ਬੁਢੀ ਮਾਈ ਪਾਸ ਹੋਣ ਪਰ ਭੀ ਅਜੇਹੇ ਸਾਫ਼ ਸੁਥਰੇ ਹਨ ਕਿ ਅੱਖ ਨਹੀਂ ਟਿਕਦੀ। ਹਰ ਇਕ ਦੀ ਨਜ਼ਰ ਕੰਧਾਂ ਵਲ ਤੇ ਜੀਭ ਵਾਹ ਵਾਹ ਕਹਿਣ ਵਿਚ ਲਗੀ ਹੋਈ ਹੈ।

ਬੁਢੀ ਮਾਈ ਭੀ ਚਾਈਂ ਚਾਈਂ ਮਲ੍ਹਾਰ ਗੌਂਦੀ ਫਿਰ ਰਹੀ ਸੀ, ਅਜ ਉਸਦਾ ਦਿਲ ਖੁਸ਼ੀ ਵਿਚ ਆਪਿਓਂ ਬਾਹਰ ਹੋ ਰਿਹਾ ਸੀ। ਕਿ ਪਿੰਗਲੇ ਨੇ ਮਾਈ ਨੂੰ ਸੁਣਾਕੇ ਕਰਤਾਰ ਸਿੰਘ ਨੂੰ ਅੰਗਰੇਜ਼ੀ ਵਿਚ ਕਿਹਾ:—

'ਕਰਤਾਰ ਸਿੰਘ ! ਅਜ ਮਾਂ ਤੋਂ ਕਿਹੜੀ ਕਹਾਣੀ ਸੁਣਨੀ ਹੈ ?' (ਇਸ ਬੁਢੀ ਨੂੰ ਸਾਰੇ ਮਾਂ ਕਹਿਕੇ ਹੀ ਬੁਲੌਂਦੇ ਸਨ)।

ਕਰਤਾਰ ਸਿੰਘ–(ਬੁਢੀ ਵਲ ਦੇਖ ਤੇ ਮੁਸਕ੍ਰਾ ਕੇ) ਹਾਂ ! ਹਾਂ !! ਜ਼ਰੂਰ ਕੋਈ ਨਾ ਕੋਈ'।

ਬਾਬੂ ਹਰਨਾਮ ਸਿੰਘ–(ਦਬੀ ਜੇਹੀ ਜੀਭੇ) 'ਸ਼ਹੀਦਾਂ ਦੇ ਦਰਸ਼ਨ '।

ਕਃ ਸਿੰਘ–ਠੀਕ ਠੀਕ ਸ਼ਹੀਦਾਂ ਦੇ ਦਰਸ਼ਨ ਤੇ (ਬੁਢੀ ਨੂੰ ਹਾਕ ਮਾਰਦਾ ਹੈ) ਮਾਂ !

ਬੁਢੀ–ਯੈਸ (ਹਾਂ) ਕਹਿਕੇ ਕੋਲ ਆਈ ਕਰਤਾਰ ਸਿੰਘ ਕੁਰਸੀ ਉਠਕੇ ਖੜਾ ਹੋ ਚੁਕਾ ਸੀ, ਬੋਲਿਆ:–'ਪਿਆਰੀ ਮਾਂ ! ਤੈਨੂੰ ਯਾਦ ਹੈ ਨਾ ! ਜਦੋਂ ਅਗੇ ਤੈਂ ਕੁਝ ਕੁ ਸ਼ਹੀਦਾਂ ਦੇ ਦਰਸ਼ਨ ਕਰਾਏ ਸਨ ਤਾਂ ਤੈਂ ਇਕਰਾਰ ਕੀਤਾ ਸੀ ਕਿ ਹੋਰ ਫੇਰ ਦਿਖਾਵਾਂਗੀ। ਅਜ ਉਹ ਦਿਖਾ, ਸਾਰਿਆਂ ਦੀ ਇਹੀ ਇੱਛਾ ਹੈ।

ਕੁਰਸੀ ਦੇ ਪਾਵਿਆਂ ਨੂੰ ਉਪਰੋਂ ਫੜੀ ਖੜੀ ਬੁਢੀ ਮਾਈ ਨੂੰ 'ਸ਼ਹੀਦਾਂ ਦੇ ਦਰਸ਼ਨ' ਸੁਣਕੇ ਕਾਂਬਾ ਜਿਹਾ ਆਇਆ। ਸਰੀਰ ਝੁਕ ਗਿਆ ਅੱਖਾਂ ਮਿਟ ਗਈਆਂ ਤੇ ਲੰਮਾਂ ਸਾਹ ਭਰਿਆ। ਫੇਰ ਨੇਤਰ ਖੁਲੇ। ਪਰ ਮਸਤੀ ਵਿਚ ਪ੍ਰੇਮ ਜਲ ਪੂਰਤ, ਮੋਟੇ ਮੋਟੇ ਡਲ੍ਹਕ ਰਹੇ ਤਾਰਿਆਂ ਵਾਂਗੂੰ ਚਮਕ ਰਹੇ ਹਨ। ਪ੍ਰੇਮ ਜਲ ਦੇ ਟੇਪੇ ਅੱਖਾਂ ਦੀਆਂ ਝਿਮਣੀਆਂ ਤੇ ਕੋਈਆਂ ਵਿਚ ਆਬਦਾਰ ਸੁੱਚੇ ਮੋਤੀਆਂ ਵਾਂਗ ਅਚਰਜ ਛਬ ਦੇ ਰਹੇ ਸਨ।

ਕਰਤਾਰ ਸਿੰਘ ਦੇ ਚਿਹਰੇ ਵਲ ਤੱਕ ਕੇ ਬੁਢੀ ਨੇ ਭਾਵ ਭਰੀ ਨਜ਼ਰ ਨਾਲ ਸਾਰਿਆਂ ਵਲ ਦੇਖਿਆ। ਲੰਮਾ ਸਾਹ ਭਰਿਆ, ਮਾਨੋ ਮਨ ਸਾਗਰ ਦੀ ਡੂੰਘਾਈ ਦੇ ਥੱਲੇ ਬੈਠੀ ਸੁਰਤਿ ਨੂੰ ਉਪਰ ਖਿਚ ਰਹੀ ਹੈ। ਜ਼ਰਾ ਕੁ ਅਖਾਂ ਮਿਚੀਆਂ ਤੇ ਇਕ ਦੋ ਟੇਪੇ ਪ੍ਰੇਮ ਅਥਰੂਆਂ ਦੇ ਗਲ੍ਹਾਂ ਪਰ ਛਲਕ ਪਏ। ਬਿਰਧਾ ਨੇ ਰੁਮਾਲ ਨਾਲਿ ਅਖਾਂ ਪੁੰਝੀਆਂ ਤੇ ਸਰੀਰ ਵਿਚੇ ਵਿਚ ਛਣਕਿਆ।

ਹੁਣ ਚਿਹਰੇ ਦੀ ਰੰਗਤ ਬਦਲੀ, ਅੱਖਾਂ ਦੀ ਚਮਕ ਹੋਰ ਦੀ ਹੋਰ ਹੋ ਗਈ ਤੇ ਫੇਰ ਇਕ ਲੰਮੇ ਸਾਹ ਨਾਲ ਬੋਲੀ:-

"ਸ਼ਹੀਦਾਂ ਦੇ ਦਰਸ਼ਨ !"

ਹਾਂ ਬਚੜਿਓ ! 'ਸ਼ਹੀਦਾਂ ਦੇ ਦਰਸ਼ਨ' ਮੈਂ ਤੁਹਾਨੂੰ ਆਖਿਆ ਸੀ 'ਸ਼ਹੀਦਾਂ ਦੇ ਦਰਸ਼ਨ' ਦਿਖੌਣ ਨੂੰ। ਜ਼ਰੂਰ 'ਸ਼ਹੀਦਾਂ ਦੇ ਦਰਸ਼ਨ' ਜ਼ਰੂਰ ! ਜ਼ਰੂਰ !! ਜ਼ਰੂਰ !!! ਆਖਦੀ, ਪ੍ਰੇਮ ਮਸਤਾਨੀ ਝੂਲਦੀ ਬੁਢੀ ਮੇਜ਼ ਦੇ ਦੂਜੇ ਵੰਨੇ ਨੂੰ ਤੁਰ ਪਈ। ਸਾਰਿਆ ਨੇ ਸਮਝਿਆ ਅਗੇ ਵਾਂਗੂੰ ਹੀ ਅੰਦਰੋਂ ਤਸਵੀਰਾਂ ਲੈਣ ਚਲੀ ਹੈ। ਪਰ ਨਹੀਂ ! ਐਤਕੀਂ ਇਹ ਮਾਈ ਕੰਧ ਦੇ ਪਾਸੇ ਦਰਵਾਜ਼ੇ ਦੇ ਨਾਲ ਜਹੇ ਦੋ ਕੁ ਕਦਮ ਤੇ ਅਖਾਂ ਮੀਚਕੇ ਖੜੀ ਹੋ ਗਈ। ਗੋਡਿਆਂ ਤੇ ਹਥ ਰਖਕੇ ਝੁਕੀ, ਜਿਵੇਂ

ਕੋਈ ਨਮਾਜ਼ ਪੜ੍ਹਦਾ ਹੈ। ਅਦਬ ਵਜੋਂ ਸਿਰ ਝੁਕਾਕੇ ਮਾਈ ਨੇ ਸ਼ਸਤ੍ਰਾਂ ਤੋਂ ਜ਼ਰਾ ਉਚੇਰੀ ਲਟਕ ਰਹੀ ਫੁਲਕਾਰੀ ਦਾ ਇਕ ਸਿਰਾ ਚੁਕ ਕੇ ਇਕ ਪਾਸੇ ਨੂੰ ਕੀਤਾ, ਜਿਸ ਦੇ ਹੇਠਾਂ ਇਕ ਪੁਰਾਤਨ ਯੋਧੇ ਦੀ ਵਡੀ ਸਾਰੀ ਤਸਵੀਰ ਮਾਨੋਂ ਪੁਰਾਤਨ ਸਮੇਂ ਦੀ ਅਮਿੱਤ ਦੌਲਤ ਦਬੀ ਹੋਈ ਨਜ਼ਰੀਂ ਪਈ। ਚੁੰਬਕ ਵਾਂਗ ਸਭ ਦੀਆਂ ਨਜ਼ਰਾਂ ਖਿਚੀਆਂ ਗਈਆਂ, ਝਟ ਕੁਰਸੀਆਂ ਤੋਂ ਉਠਕੇ ਖੜੇ ਹੋ ਗਏ, ਕੋਲ ਆ ਬੜੀ ਨੀਝ ਲਾਕੇ ਦੇਖਣ ਲਗੇ। ਇਹ ਇਕ ਪਰਜਾ-ਪ੍ਰੇਮ ਅਮ੍ਰੀਕਨ ਦੇਸ਼ ਭਗਤ ਦੀ ਤਸਵੀਰ ਸੀ। ਜਿਸ ਦੀ ਇਕ ਬਾਂਹ ਕਟੀ ਹੋਈ ਸੀ, ਤੇ ਛਾਤੀ ਪਰ ਭੀ ਨੇਜ਼ੇ ਦਾ ਜ਼ਖਮ ਸੀ।

ਬੁਢੀ ਮਾਈ ਨੇ ਮਲਕੜੇ ਜੇਹੇ ਦੂਜੀ ਫੁਲਕਾਰੀ ਹਟਾਈ ਤੇ ਦਰਸ਼ਕਾ ਨੂੰ ਖਿੱਚ ਪਈ। ਇਸ ਦੂਜੀ ਫੁਲਕਾਰੀ ਹੇਠ ਇਕ ਮੁਛ ਫੁਟ ਰਹੀ ਉਮਰ, ਗੱਭਰੂ ਦੀ ਤਸਵੀਰ ਸੀ, ਜਿਸ ਦੀ ਖਬੀ ਬਾਂਹ ਮੋਢਿਓਂ ਸਾਫ਼ ਕਟੀ ਹੋਈ ਤੇ ਮਥੇ ਉਤੇ ਤਲਵਾਰ ਦਾ ਟੇਢਾ ਜ਼ਖਮ ਈਦ ਦੇ ਚੰਦ ਵਰਗਾ ਪੁਜਨੀਯ ਸੀ। ਇਕ ਗੋਲੀ ਸਜੇ ਡੌਲੇ ਵਿਚ ਦੀ ਲੰਘੀ ਹੋਈ ਸੀ, ਤੇ ਇਕ ਗਰਦਨ ਦੇ ਖਬੇ ਪਾਸੇ ਨੇਜ਼ੇ ਦੀ ਚੁੰਜ ਖੁਭੀ ਹੋਈ ਸਾਫ਼ ਦਸ ਰਹੀ ਸੀ, ਕਿ ਇਹ ਜੁਆਨ ਵੈਰੀ ਦੇ ਦਲ ਨਾਲ ਹਥੋ ਹਥੀ ਹੁੰਦਾ ਹੋਇਆ ਜ਼ਖਮੀ ਹੋਇਆ ਹੈ।

ਦਰਸ਼ਕਾਂ ਦਾ ਧਿਆਨ ਏਧਰ ਲਾਕੇ ਮਾਈ ਨੇ ਇਸ ਪਾਸ ਦੀ ਇਕ ਤੀਜੀ ਤਸਵੀਰ ਤੋਂ ਫੁਲਕਾਰੀ ਹਟਾਈ, ਇਸ ਵਿਚ ਇਕ ਮਹਾਂ-ਬੀਰ ਯੋਧੇ ਦੇ ਸਰੀਰ ਪਰ ਸ਼ਸਤਰਾਂ ਦੇ ਸਤ ਜ਼ਖਮ ਸਨ, ਤੇ ਇਕ ਕੰਨ ਸਾਫ਼ ਸੀ। ਇਸੇ ਤਰਾਂ ਹੀ ਬੁਢੀ ਮਾਈ ਪਰਜਾ-ਭਗਤਨ ਨੇ ਡੇਢ ਦਰਜਨ ਤਸਵੀਰਾਂ ਦੇ ਦਰਸ਼ਨ ਉਹਨਾ ਲਟਕ ਰਹੀਆਂ ਫੁਲਕਾਰੀਆਂ ਹੇਠੋਂ ਕਰਾਏ। ਇਹ ਮਾਤਾ ਹਰ ਇਕ ਸੂਰਬੀਰ ਸ਼ਹੀਦ ਦੀ ਤਸਵੀਰ ਪਾਸ ਬੜੇ ਅਦਬ ਸਤਕਾਰ ਨਾਲ ਖਲੋਕੇਕੇ ਸਿਰ ਝੁਕਾਉਂਦੀ ਤੇ

ਫੇਰ ਫੁਲਕਾਰੀ ਉਪਰੋਂ ਹਟਾਉਂਦੀ ਸੀ। ਇਹਨਾਂ ਅਪੂਰਵ ਤਸਵੀਰਾਂ ਵਿਚੋਂ ਇਕ ਭੀ ਅਜੇਹੀ ਨਾ ਸੀ, ਜੋ ਪੂਰੀ ਅੰਗੀਂ ਸਾਬਤ ਦਿਖਾਈ ਦਿੰਦੀ ਹੋਵੇ। ਕਿਸੇ ਦੀ ਬਾਂਹ ਨਹੀਂ ਤੇ ਕਿਸੇ ਦਾ ਹਥ ਕਟਿਆ ਹੋਇਆ ਹੈ। ਕਿਸੇ ਦੀ ਲੱਤ ਸਾਫ ਹੈ, ਤੇ ਕਿਸੇ ਦੀਆਂ ਦੋਵੇਂ ਬਾਹਵਾਂ ਉਡੀਆਂ ਹੋਈਆਂ ਹਨ। ਕਿਸੇ ਦੇ ਮਥੇ ਪਰ ਤਲਵਾਰ ਦਾ ਜ਼ਖਮ ਦੂਜ ਦੇ ਚੰਨ ਨੂੰ ਵੀ ਮਾਤ ਪਾ ਰਿਹਾ, ਤੇ ਕਿਸੇ ਦੀ ਗਲ੍ਹ ਪਰ ਈਸਾਈਆਂ ਦਾ ਪੂਜਨੀਯ ਨਸ਼ਾਨ ਕਰਾਸ ਸੁਹਾ ਰਿਹਾ ਹੈ। ਕੋਈ ਨਕ ਹੀਨ ਤੇ ਕੋਈ ਅੱਖ ਹੀਨ ਸੀ। ਕਿਸੇ ਦੀ ਛਾਤੀ ਪਰ ਨੇਜ਼ਿਆਂ ਤਲਵਾਰਾਂ ਦੀਆਂ ਨੋਕਾਂ ਦੇ ਜ਼ਖਮ ਅਦੁਤੀ ਸੁੱਚੇ ਤਕਮੇ ਤੇ ਕੜੀਆਂ ਲਟਕ ਰਹੇ ਸਨ। ਹਰ ਇਕ ਤਸਵੀਰ ਅਜੇਹੀ ਦਰਸ਼ਨਯ, ਮਨਮੋਹਨੀ ਤੇ ਅਕਰਸ਼ਿਕ ਸੀ ਕਿ ਦਰਸ਼ਕਾਂ ਦੇ ਮੂੰਹੋ ਵਾਹ ਵਾਹ, ਸ਼ਾਬਾਸ਼, ਤੇ ਆਫਰੀਨ ਦੀਆਂ ਅਵਾਜ਼ਾਂ ਆਪਨੇ-ਆਪ ਨਿਕਲ ਰਹੀਆਂ ਸਨ। ਇਕੱਲੇ ੨ ਨਾਮ ਪਤਾ ਤੇ ਕਾਰਨਾਮਿਆਂ ਨੂੰ ਬੁਢੀ ਮਾਈ ਬੜੀ ਅੱਛੀ ਤਰਾਂ ਵਿਸਤਾਰ ਪੂਰਬਕ ਦਸ ਰਹੀ ਸੀ, ਬ੍ਰਿਧਾ ਦੇ ਵਿਜਾਖਯਾਨ ਨੇ ਕੋਈ ਵੀਹਾਂ ਸਾਲਾਂ ਤੋਂ ਹੋ ਬੀਤੇ ਸਮੇਂ ਦਾ ਨਕਸ਼ਾਂ ਅੱਖਾਂ ਅਗੇ ਲਿਆ ਖੜਾ ਕੀਤਾ। ਲੜਾਈ ਦਾ ਮੈਦਾਨ ਪ੍ਰਤੱਖ ਸੋਹੇਂ ਦਿਖਾਲੀ ਦੇ ਰਿਹਾ ਸੀ। ਸ਼ਸਤਰਾਂ ਦੀ ਲਿਸ਼ਕ ਤੇ ਝਨਕਾਰ ਅੱਖਾਂ ਚੁੰਧਿਆ ਰਹੀ ਸੀ। ਯੋਧਿਆਂ ਦੇ ਨਾਹਰੇ ਤੇ ਜੰਗੀ ਧੌਂਸਿਆਂ ਦੀ ਧੁੰਕਾਰ ਨਾਲ ਕਾਇਰਾਂ ਦੇ ਲਹੂ ਤੇ ਪਾਣੀ, ਬਹਾਦਰਾਂ ਦੇ ਜੋਸ਼ ਵਿਚ ਆ ਰਹੇ ਸਨ। ਬੰਦੂਕਾਂ ਦੀ ਕੱੜ ੨ ਤੇ ਤੋਪਾਂ ਦੀ ਗੱੜ ੨ ਕੰਨ ਬੋਲੇ ਕਰ ਰਹੀ ਸੀ। ਸੂਰਮੇਂ ਉਛਲਦੇ, ਕੁਦਦੇ, ਅਗੇ ਵਧਦੇ, ਤੇ ਕਾਇਰ ਦਬਦੇ, ਛਿਪਦੇ, ਪਿਛਾਂ ਭਜਦੇ ਬਿਖਾਲੀ ਦੇਂਦੇ ਸਨ। ਬਹਾਦਰਾਂ ਦਾ ਆਜ਼ਾਦੀ ਲਈ ਕੁਰਬਾਨ ਹੋਣਾ। ਭਿਆਨਕ ਸੱਟਾਂ ਖਾ ੨ ਕੇ ਭੀ ਅਗਾਹਾਂ ਹੋਣਾ। ਟੁਕੜੇ ੨ ਹੋਣਾ ਪਰ ਜੀਉਂਦੇ-ਜੀ ਮੂੰਹ ਨ ਭੁਅੋਣਾ। ਕੌਮੀ ਨਾਹਰੇ, ਆਜ਼ਾਦੀ ਦੇ

ਜੈਕਾਰੇ ਗਜੌਣਾ ਇਕ ਬ੍ਰਹਮ ਚਰਯਾ ਬੀਰਾ ਮਾਈ ਨੇ ਸੁਨੌਣਾ, ਅਦਭੁਤ ਸਮਾਂ ਬਝ ਰਿਹਾ ਸੀ। ਸਰੋਤਿਆਂ ਦੇ ਖ਼ੂਨ ਜੋਸ਼ ਮਾਰ ਰਹੇ ਤੇ ਡੌਲੇ ਫਰਕ ਰਹੇ ਸਨ। ਦੁਨੀਆਂ ਦੀ ਆਜ਼ਾਦੀ, ਏਕਤਾ ਪ੍ਰਾਪਤ ਕਰਨ ਤੇ ਗੁਲਾਮੀ ਦੂਰ ਕਰਨ ਲਈ ਸ਼ਹੀਦੀਆਂ ਪੌਣ ਨੂੰ ਜੀ ਉਮਾਹ ਰਹੇ ਸਨ। ਇਕ ਅਸਚਰਜ ਜਨਕ ਅਦੁਤੀ ਨਜ਼ਾਰਾ ਸੀ।

ਘੜੀ ਵਿਚਾਰੀ ਗਿਆਰਾਂ ਵਾਰ ਸਿਰ ਟਕਰਾਕੇ ਹਟ ਗਈ, ਕਿਸੇ ਨੇ ਇਸ ਵਲ ਰੌਹ ਹੀ ਨ ਕੀਤਾ ਕੁਛ ਦਮ ਲੈ ਕੇ ਫੇਰ ਇਕ ਵਾਰ ਬੋਲੀ ਪਰ ਏਥੇ ਕੌਣ ਸੁਣੇ। ਬੁਢੀ ਲੈਕਚਰ ਦੇ ਰਹੀ ਤੇ ਸਰੋਤੇ ਇਕ-ਟੱਕ ਨਜ਼ਰਾਂ ਯਾਨੀ ਤਸਵੀਰਾਂ ਬਣੀ ਖੜੇ ਸਨ।

(੧੬)

ਲੈਕਚਰ !

'ਪਿਆਰੇ ਗੱਭਰੂਓ ! ਅਜ ਤੋਂ ਚਾਰ ਕੁ ਮਹੀਨੇ ਪਹਿਲਾਂ ਮੈਂ ਤੁਹਾਨੂੰ ਕੁਛਕੁ ਹੋ ਗੁਜ਼ਰੇ ਸ਼ਹੀਦਾਂ ਦੀਆਂ ਤਸਵੀਰਾਂ ਦਿਖਾਈਆਂ ਸਨ। ਤੁਸੀਂ ਅਜ ਭੀ ਦੇਖ ਚੁਕੇ ਤੇ ਦੇਖ ਰਹੇ ਹੋ। ਪਰ ਇਨ੍ਹਾਂ ਤੇ ਉਨ੍ਹਾਂ ਦਾ ਫ਼ਰਕ ਹੈ। ਭਾਂਵੇਂ ਕੁਰਬਾਨੀ ਵਲੋਂ ਇਹ ਸਾਰੇ ਹੀ ਇਕ ਦੂਜੇ ਨਾਲੋਂ ਵੱਧ ਹਨ ਪਰ ਸਮੇਂ ਨੇ ਇਨ੍ਹਾਂ (ਤਸਵੀਰਾਂ ਵਲ ਉਂਗਲ ਕਰਕੇ) ਅਦੁਤੀ ਬਹਾਦਰਾਂ ਨੂੰ ਸੇਵਾ ਦਾ ਵਧੀਕ ਮੌਕਾ ਦਿਤਾ। ਇਹ ਸਾਰੇ ਦੇ ਸਾਰੇ ਹੀ ਮੇਰੇ ਨਾਲ, ਮੇਰੇ ਕੁਟੰਬ ਨਾਲ ਤਅੱਲਕ ਰਖਦੇ ਹਨ'। ਇਨ੍ਹਾਂ ਪ੍ਰਜਾ-ਭਗਤ ਕੌਮੀ ਸ਼ਹੀਦਾਂ ਦੇ ਜੀਵਨ ਦੀਆਂ ਕਥਾਵਾਂ ਡਾਢੀਆਂ ਹੀ ਦਰਦ ਭਰੀਆਂ ਹਨ।

ਮਾਈ ਨੇ ਆਪਨੇ ਚਾਚਿਆਂ ਤਾਇਆਂ ਤੇ ਭਰਾਵਾਂ ਦੀ ਕਹਾਣੀ ਸੁਣੌਂ ਦੀ ਹੋਈ ਨੇ ਕਿਹਾ:-

'ਮੇਰੇ ਬਾਪ ਹੁਰੀਂ ਛੇ ਭਰਾ ਸਨ, ਜਦ ਅਜ਼ਾਦੀ ਦਾ ਜੰਗ ਲਗਾ, ਬਹਾਦਰ ਮਾਵਾਂ ਦੇ ਪੁਤਰ ਦੇਸ਼ ਕੌਮ ਲਈ ਕੁਰਬਾਨੀਆਂ ਦੇਂਦੇ ਸੁਣੇ, ਸਾਰਿਆਂ ਦੇ ਖ਼ੂਨ ਫਰਕ ਉੱਠੇ। ਲੜਾਈ ਵਿਚ ਜਾਣ ਲਈ ਚੱਾ ਚੜ੍ਹ ਗਏ। ਉਨ੍ਹਾਂ ਹੀ ਦਿਨਾਂ ਵਿਚ ਕੌਮੀ ਸਭਾ ਵਲੋਂ ਇਸ਼ਤਿਹਾਰ ਨਿਕਲਿਆ, ਜਿਸ ਵਿਚ ਲੜ ਰਹੇ ਬਹਾਦਰਾਂ ਦੀ ਬੀਰਤਾ, ਕੁਰਬਾਨੀ ਤੇ ਕੌਮੀ ਸੇਵਾ ਨੂੰ ਵਰਣਨ ਕਰਦਿਆਂ ਹੋਇਆਂ ਹਰ ਇਕ ਸਚੇ ਅਮ੍ਰੀਕਨ ਨੂੰ ਬੜੇ ਦਰਦ ਭਰੇ ਜੋਸ਼-ਮਈ ਸ਼ਬਦਾਂ ਵਿਚ ਮੈਦਾਨ ਜੰਗ ਵਿਚ ਨਿਤਰਨ ਲਈ ਪ੍ਰੇਰਿਆ ਹੋਇਆ ਸੀ। ਗਲ ਭੀ ਸਚੀ ਸੀ, ਗੁਲਾਮੀ ਦਾ ਜੀਵਨ ਗੁਜ਼ਾਰਦਿਆਂ ੨ ਜਾਨ ਤੰਗ ਆ ਗਈ ਸੀ। ਹਰ ਇਕ ਦੀ ਛਾਤੀ ਵਿਚ ਦਿਲ ਤੇ ਦਿਲ ਵਿਚ ਕੁਛ ਭੀ ਸਚਾ ਖ਼ੂਨ ਰਖਣ ਵਾਲਾ ਬੰਦਾ ਗੁਲਾਮੀ ਦੇ ਜੀਉਣ ਨਾਲੋਂ ਮਰਨ ਨੂੰ ਲਖ ਦਰਜੇ ਭਲਾ ਸਮਝਦਾ ਸੀ। ਇਸ ਇਸ਼ਤਿਹਾਰ ਦਾ ਅਜੇਹਾ ਅਸਰ ਹੋਇਆ, ਕਿ ਲੋਕੀਂ ਹਜ਼ਾਰਾਂ ਤੇ ਲਖਾਂ ਦੀ ਗਿਣਤੀ ਵਿਚ ਸਿਰਾਂ ਤੇ ਕਫਨ ਬੰਨ੍ਹਕੇ ਖੁਸ਼ੀ ੨ ਕੌਮੀ ਜੰਗ ਰੂਪੀ ਦੰਗਲ ਵਿਚ ਜਾ ਪੁਜੇ। ਆਜ਼ਾਦੀ ਲਈ ਲੜ ਰਹੇ ਬਹਾਦਰਾਂ ਦੇ ਹੌਸਲੇ ਦੂਣੇ ਹੋ ਗਏ, ਲੜ-ਰਿਹਾਂ ਨੂੰ ਦੇਖਕੇ ਨਵੇਂ ਆਇਆਂ ਦੇ ਦਿਲ ਭੀ ਵਧ ਗਏ।

ਜਦ ਇਹ ਇਸ਼ਤਿਹਾਰ ਸਾਡੇ ਘਰ ਪੁਜਾ, ਮੇਰੇ ਬਾਪ ਨੇ ਸਾਰੇ ਟਬਰ ਦੇ ਸਾਹਮਣੇ ਪੜ੍ਹਕੇ ਸੁਣਾਇਆ। ਪਹਿਲਾਂ ਤਾਂ ਦਰਦ-ਭਰੇ ਹਾਲ, ਮਾਵਾਂ ਦੇ ਪੁਤਰ ਮਰਦੇ ਸੁਣਕੇ ਸਭ ਦੇ ਹੰਝੂ ਵਗ ਤੁਰ, ਪਰ ਪਿੱਛੋਂ ਅਪੀਲੀ ਸ਼ਬਦ ਸੁਣਕੇ ਸਾਰਾ ਟੱਬਰ ਹੀ ਕੌਮ ਦੀ ਆਜ਼ਾਦੀ ਲਈ ਮਰਨ ਨੂੰ ਤਿਆਰ ਹੋ ਬੈਠਾ। ਸਾਡੇ ਇਲਾਕੇ, ਸ਼ਹਿਰ ਤੇ ਮਹੱਲੇ ਵਿਚੋਂ ਸੈਂਕੜਿਆਂ ਦੀ ਗਿਣਤੀ ਵਿਚ ਲੋਕੀਂ ਜਾਣ ਲਈ ਇਕੱਠੇ ਹੋ ਗਏ। ਇਕ ਪਲਟਨ ਮਲੂਮ ਹੁੰਦੀ ਸੀ। ਫਰਕ ਕੇਵਲ ਏਨਾ ਸੀ ਕਿ ਇਹ ਗਰੀਬ ਕਿਰਤੀ ਸਿਧੇ ਸਾਦੇ ਤੇ ਪਾਟੇ ਪੁਰਾਣੇ ਕਪੜਿਆਂ ਵਿਚ

ਟੁੱਟੇ ਫੁੱਟੇ, ਜੇਹੇ ਹਥਿਆਰਾਂ ਤੇ ਬੇ-ਹਥਿਆਰਾਂ ਵਿਚ ਹੀ ਸਨ ਤੇ ਪਲਟਨ ਦੇ ਸਿਪਾਹੀ ਵਰਦੀਆਂ ਵਿਚ ਤੇ ਹਥਿਆਰਾਂ ਨਾਲ ਸਜੇ ਸਜਾਏ ਹੁੰਦੇ ਹਨ। ਮੇਰਾ ਬਾਪ ਤੇ ਇਹ (ਤਸਵੀਰਾਂ ਵੱਲ ਉਂਗਲੀ ਕਰਕੇ) ਮੇਰੇ ਚਾਰੇ ਚਾਚੇ ਇਸ ਕੁਰਬਾਨ ਹੋਣ ਜਾ ਰਹੇ ਜੱਥੇ ਨਾਲਿ ਮਿਲ ਗਏ ਤੇ ਖੁਸ਼ੀ ਖੁਸ਼ੀ ਪੰਧ ਮਾਰਕੇ, ਆਜ਼ਾਦੀ ਲਈ ਲੜ ਰਹੀ ਫੌਜ ਵਿਚ ਜਾ ਸ਼ਾਮਲ ਹੋਏ।

ਇਸ ਤੋਂ ਥੋੜੇ ਦਿਨਾਂ ਪਿਛੋਂ ਹੀ ਮੇਰੇ ਸਕੇ ਚਾਚੇ ਦੇ ਪੁਤਰ (ਤਸਵੀਰਾਂ ਵੱਲ ਉਂਗਲੀ ਕਰਕੇ) ਭਰਾ ਭੀ ਤਿਆਰ ਹੋ ਪਏ। ਅਸੀਂ ਪਿਛੇ ਰਹਿਕੇ ਕੀ ਕਰਨਾ ਸੀ, ਦੋਵੇਂ ਮਾਵਾਂ ਧੀਆਂ ਨਾਲ ਹੀ ਹੋ ਤੁਰੀਆਂ।

ਅਜ਼ਾਦੀ ਦੀ ਲਗਨ !

ਆਜ਼ਾਦੀ ਦੀ ਖਿਚ, ਕੁਰਬਾਨੀ ਦਾ ਚਾਓ ਸਾਧਾਰਨ ਨਹੀਂ ਹੁੰਦਾ, ਮੇਰੇ ਇਹ (ਉਂਗਲੀ ਕਰਕੇ) ਭਰਾ ਇਕ ਸੌ ਮੀਲ ਦਾ ਪੈਂਡਾ ਮੁਕਾਕੇ ਅਠਾਂ ਪਹਿਰਾਂ ਵਿਚ ਟਿਕਾਣੇ ਜਾ ਪੁਜੇ। ਅਸੀਂ ਭੀ ਹੌਲੀ ਹੌਲੀ ਜਾ ਮਿਲੀਆਂ। ਉਸ ਵੇਲੇ ਮੇਰੀ ਉਮਰ ਸਤਾਂ ਸਾਲਾਂ ਦੀ ਸੀ। ਸਾਡੇ ਨਾਲ ਹੋਰ ਭੀ ਬਹੁਤ ਸਾਰੀਆਂ ਜਨਾਨੀਆਂ ਸਨ। ਅਸੀਂ ਜਾਕੇ ਹਸਪਤਾਲ ਵਿਚ ਫਟੜਾਂ ਦੀ ਸੇਵਾ ਕਰਨ ਲਗੀਆਂ ਜਿਥੇ ਅਗੇ ਭੀ ਅਨੇਕਾਂ ਤੀਵੀਆਂ ਕਰ ਰਹੀਆਂ ਸਨ।

ਉਹ ਹਸਪਤਾਲ ਦਾ ਭਿਆਨਕ ਦ੍ਰਿਸ਼ਯ, ਬਹਾਦਰਾਂ ਦੇ ਦਰਸ਼ਨ ਤੇ ਸ਼ਹੀਦਾਂ ਦੀ ਕੁਰਬਾਨੀ, ਮੈਨੂੰ ਅਜੇ ਤਕ ਭੁਲੀ ਨਹੀਂ, ਤੇ ਨਾਂ ਹੀ ਕਦੇ ਕਿਵੇਂ ਭੁਲ ਸਕਦੀ ਹੈ!

ਉਹ ਹਸਪਤਾਲ ਕੋਈ ਅਜ ਵਾਂਗ ਵੀਹ ਵੀਹ ਮੰਜ਼ਲੇ ਪੱਥਰਾਂ

ਦੇ ਮਕਾਨ ਵਿਚ ਨਹੀਂ ਸਨ। ਖੁਲ੍ਹੇ ਮੈਦਾਨ ਵਿਚ ਦਰੱਖਤਾਂ ਦੇ ਹੇਠਾਂ ਘਾਹ ਦੇ ਉਤੇ ਸੂਰਮੇਂ ਅੰਗ ਭੰਗ ਪਏ ਸਨ। ਕੋਈ ਬਾਂਹ ਹੀਂਨ, ਕੋਈ ਲੱਤ ਹੀਂਨ, ਕੋਈ ਅੱਖ ਹੀਂਨ ਤੇ ਕੋਈ ਨੱਕ ਹੀਂਨ ਸੀ। ਕਿਸੇ ਦੀ ਛਾਤੀ ਫਟੀ ਹੋਈ ਸੀ ਤੇ ਕਿਸੇ ਦਾ ਮੱਥਾ, ਕਿਸੇ ਦੀ ਵੱਖੀ ਚੋ ਰਹੀ ਸੀ, ਕਿਸੇ ਦੀ ਗਰਦਨ। ਸੇਵਾ ਕਰਨ ਵਾਲੀਆਂ ਭੀ ਅੱਜ ਕਲ ਦੀਆਂ ਚਿਟ ਕਪੜੀਆਂ ਨਰਸਾਂ ਨਹੀਂ ਸਨ, ਸਗੋਂ ਸਾਡੇ ਜੇਹੀਆਂ ਹੀ ਮੈਲੇ ਕੁਚੈਲੇ ਕਪੜਿਆਂ ਵਾਲੀਆਂ ਘਰੇਲੂ ਮਾਵਾਂ ਭੈਣਾਂ ਤੇ ਧੀਆਂ ਨੋਂਹਾਂ।

ਮੈਨੂੰ ਅਛੀ ਤਰਾਂ ਯਾਦ ਹੈ, ਜਦ ਮੈਂ ਇਕ ਭਿਆਨਕ ਗਭਰੂ ਫਟੜ ਨੂੰ ਵੇਖਕੇ ਚੀਕ ਮਾਰੀ ਤੇ ਆਪਣੀ ਮਾਂ ਨੂੰ ਜਫੀ ਪਾਕੇ ਕਪੜੇ ਵਿਚ ਮੂੰਹ ਲੁਕੋ ਲਿਆ ਤਾਂ ਗਿਣਤੀ ਕਰਨ ਤੋਂ ਪਤਾ ਲਗਾ ਕਿ ਉਸ ਸੂਰਮੇਂ ਦੇ ਸਰੀਰ ਪਰ ਪੈਂਤੀ ਜ਼ਖ਼ਮ ਸਨ। ਸਤ ਗੋਲੀਆਂ ਸਰੀਰੋਂ ਪਾਰ ਹੋ ਚੁਕੀਆਂ ਸਨ, ਤਿੰਨ ਵਿਚੇ ਹੀ ਖੁਭੀਆ ਰਹੀਆਂ ਜੋ ਚੀਰਕੇ ਕਢੀਆਂ ਗਈਆਂ ਸਨ। ਪਰ ਆਫ਼ਰੀਨ ਹੈ, ਅਜੇਹਾ ਦਿਲਾਵਰ ਸੂਰਮਾਂ ਜਣਨ ਵਾਲੀ ਮਾਂ ਦੇ ਕਿ ਐਨੇ ਘਾਓ ਖਾਂਦਿਆਂ ਚੀਰਦਿਆਂ ਫਾੜਦਿਆਂ ਤੇ ਬੰਨ੍ਹਦਿਆਂ ਬੰਨ੍ਹਾਦਿਆਂ ਇਸ ਬੀਰ ਦੇ ਮੂੰਹੋਂ 'ਸੀ' ਤਕ ਨਾ ਨਿਕਲੀ, ਤੇ ਕਸੀਸ ਤਕ ਨਾ ਵਟੀ।

ਪਰ ਮੇਰੀ ਚੀਕ ਸੁਣਕੇ ਇਸ ਸੂਰਬੀਰ ਦੇ ਦਿਲ ਪਰ ਡਾਢਾ ਅਸਰ ਹੋਗਿਆ ਜਾਪਦਾ ਸੀ ਕਿਉਂਕਿ ਜਦ ਧੋਕੇ ਇਸ ਦੇ ਜ਼ਖਮ ਬੰਨ੍ਹੇ ਗਏ, ਤਦ ਬੜੇ ਪਿਆਰ ਨਾਲ ਉਸਨੇ ਮੈਨੂੰ ਆਪਣੇ ਪਾਸ ਸਦਿਆ, ਤੇ ਬਗਲ ਵਿਚ ਲੈਕੇ ਪਿਆਰ ਕੀਤਾ। ਇਸ ਦੇ ਰਾਜ਼ੀ ਹੁੰਦਿਆਂ ਤਕ ਮੈਂ ਇਸਦੇ ਪਾਸ ਹੀ ਰਹੀ ਬੜੇ ਪਿਆਰ ਤੇ ਚਾ ਨਾਲ ਸੇਵਾ ਕਰਦੀ ਤੇ ਲੜਾਈ ਦੀਆਂ ਕਹਾਣੀਆਂ ਸੁਣਦੀ ਰਹੀ।

ਖੈਰ ਇਸੇ ਹੀ ਤਰ੍ਹਾਂ ਅਨੇਕਾਂ ਦਾ ਹਾਲ ਸੀ। ਕਿਸ ਕਿਸ ਦਾ

ਦਸਿਆ ਜਾਵੇ। ਕਿਸੇ ਦੀਆਂ ਸਰ੍ਹਾਣੇ ਬੈਠੀ ਰੋ ਰਹੀ ਸੀ ਤੇ ਕਿਸੇ ਦੀ ਧੀ ਵੈਣ ਪਾ ਰਹੀ ਸੀ। ਕਿਸੇ ਦੀ ਭੈਣ ਕੁਰਲਾ ਰਹੀ ਸੀ ਤੇ ਕਿਸੇ ਦੀ ਤੀਵੀਂ ਉੱਚੇ-ਸਾਹ ਭਰ ਰਹੀ ਸੀ।

ਫਟੜਾਂ ਗਿਣਤੀ ਹਜ਼ਾਰਾਂ ਤੋਂ ਕਿਤੇ ਵਧੀਕ ਸੀ, ਸਾਨੂੰ ਆਪਣੇ ਸੰਬੰਧੀਆਂ ਦੇ ਦੇਖਣ ਦੀ ਖਿਚ ਵਧੀ। ਮੇਰੀ ਮਾਂ ਨੇ ਮੇਰੇ ਚਾਚਿਆਂ ਤੇ ਪਿਤਾ ਜੀ ਦੀ ਬਾਬਤ ਪਤਾ ਕਢਿਆ, ਧੁੰਸਕ ਨਿਕਲੀ "ਕਿ ਪਿਤਾ ਹੋਰੀਂ ਸਖਤ ਫਟੜ ਹੋਕੇ ਆਏ ਹਨ। ਨਾਲੇ ਹੀ ਹੋਰ ਸਬੰਧੀਆਂ ਚਾਚੇ ਤਾਇਆਂ ਨੂੰ ਭੀ ਕਰਾਰੇ ਘਾਉ ਲਗੇ ਹਨ।"

ਪਿਤਾ ਜੀ ਹੁਰਾਂ ਦੀ ਜੱਥਾ ਆਉਂਦਿਆਂ ਹੀ ਇਕ ਦਿਨ ਠਹਿਰਕੇ ਲੜਾਈ ਦੀ ਅਗਲੀ ਕਤਾਰ ਵਿਚ ਜਾ ਜੁਟਿਆ ਸੀ ਉਸੇ ਹੀ ਰਾਤ ਨੂੰ ਵੈਰੀ ਵਲੋਂ ਸਖਤ ਹਮਲਾ ਹੋਇਆ ਭਾਵੇਂ ਦੁਸ਼ਮਨ ਨੂੰ ਮੂੰਹ ਦੀ ਖਾਣੀ ਪਈ ਪਰ ਇਧਰੋਂ ਭੀ ਘਣਾ ਨੁਕਸਾਨ ਹੋਇਆ ਹਥੋ ਹਥੀ ਲੜਾਈ ਹੋਣ ਨਾਲ ਅਖ ਦੇ ਫ਼ੋਰ ਵਿਚ ਲਹੂ ਦੀਆਂ ਨਦੀਆਂ ਵਹਿ ਗਈਆਂ। ਲੋਥਾਂ ਤੇ ਲੋਥਾਂ ਦੇ ਪੁਸ਼ਤੇ ਲਗ ਗਏ, ਫਟੜ ਅਣਗਿਣਤ ਸਨ, ਪਰ ਮੈਦਾਨ ਜਿਤਨ ਦੀ ਖੁਸ਼ੀ ਵਿੱਚ ਪਰਸੰਨ ਸਨ। ਕੁਰਬਾਨੀਆਂ ਦੇ ਚਾ ਤੇ ਲੜਾਈ ਦੇ ਉਮਾਹ ਉਵੇਂ ਹੀ ਠਾਠਾਂ ਮਾਰ ਰਹੇ ਸਨ।

ਪਿਤਾ ਜੀ ਦੀ ਹਾਲਤ ਦੇਖਕੇ ਮੈਂ ਸਹਿਮ ਗਈ, ਮੇਰੀ ਮਾਂ ਦੀ ਭੀ ਅਥਰੂ ਵਹਿ ਨਿਕਲੇ। ਆਪਦੀਆਂ ਦੋਵੇਂ ਹੀ ਲਤਾਂ ਕੱਟੀਆਂ ਹੋਈਆਂ ਸਨ, ਇਕ ਬਾਂਹ ਕੂਨੀ ਤਕ ਨਹੀਂ ਸੀ, ਮੂੰਹ ਸਿਰ ਸਭ ਬਧਾ ਹੋਇਆ ਸੀ।

ਸਾਡੇ ਪੁਜਨ ਤੋਂ ਚਾਰ ਦਿਨ ਪਿਛੋਂ ਮੇਰੇ ਭਰਾ ਭੀ ਫੱਟੜ ਹੋਕੇ ਆ ਗਏ, ਔਹ (ਉਂਗਲੀ ਕਰਕੇ) ਇਕ ਮੇਰਾ ਸਕਾ ਤੇ ਦੋ ਚਚੇਰੇ ਭਰਾ ਤਾਂ ਹਸਪਤਾਲ ਔਂਦੇ ਹੀ ਚੜ੍ਹਾਈ ਕਰ ਗਏ।

ਇਹ ਹੈ ਲਾਡਲਿਓ ਇਨ੍ਹਾਂ ਸ਼ਹੀਦਾਂ ਦੀਆਂ ਦਰਦ ਭਰੀਆਂ ਕਥਾਵਾਂ ਦੇ ਬੋਹਲ ਵਿਚੋਂ ਦੋ ਦਾਣੇ।

(੧੭)

ਏਨਾਂ ਕਹਿ ਬੁਢੀ ਕੁਛ ਚਿਰ ਲਈ ਬੈਠ ਗਈ, ਫੇਰ ਉਠੀ ਤੇ ਇਸਤਰ੍ਹਾਂ ਬੋਲੀ:—

"ਪਿਆਰੇ ਸਪੁੱਤਰੋ! ਤੁਸੀਂ ਅਛੀ ਤਰਾਂ ਜਾਣਦੇ ਹੋ ਕਿ ਮੈਂ ਤੁਹਾਡੇ ਨਾਲ ਕਿੰਨਾਕੁ ਪਿਆਰ ਕਰਦੀ ਹਾਂ, ਕੀ ਤੁਸੀਂ ਕਦੇ ਇਸ ਪਿਆਰ ਕਰਨ ਦਾ ਕਾਰਨ ਵੀ ਸੋਚਿਆ ਜੇ? ਮੇਰਾ ਤੁਹਾਨੂੰ ਪਿਆਰ ਕਰਨਾ ਇਸ ਲਈ ਨਹੀਂ ਕਿ ਤੁਸੀਂ ਵਿਦਿਆਰਥੀ ਹੋ, ਇਸ ਲਈ ਨਹੀਂ ਕਿ ਸਿਆਣੇ ਹੋ, ਸਗੋਂ ਮੈਂ ਤੁਹਾਨੂੰ ਕਿਸੇ ਵੇਲੇ ਵਾਲੀ ਆਪਣੇ ਜੇਹੀ ਮਜ਼ਲੂਮ ਕੌਮ ਦੇ ਹੋਨਹਾਰ ਨੌਜਵਾਨ ਸਮਝਕੇ, ਗੁਲਾਮ ਹੋਣ ਕਰਕੇ ਗੁਲਾਮਾਂ ਮਜ਼ਲੂਮਾਂ ਦਾ ਦਰਦ ਰਖਣ ਵਾਲੇ ਹੋਣ ਕਰਕੇ, ਪ੍ਰਜਾ ਭਗਤੀ ਅਥਵਾ ਪ੍ਰਜਾ ਭਗਤੀ ਦੇ ਚਾਹਵਾਨ ਹੋਣ ਕਰਕੇ, ਕੌਮ ਲਈ, ਮਜ਼ਲੂਮਾਂ ਲਈ, ਕੁਰਬਾਨੀਆਂ ਕਰਨ ਵਾਲੇ, ਆਪਾ ਵਾਰਨ ਵਾਲੇ ਬੀਬੇ, ਮੁੰਡੇ ਸਮਝਕੇ ਪਿਆਰ ਕਰਦੀ ਹਾਂ। ਕੀ ਤੁਸੀਂ ਬੀਬੇ ਬਣਕੇ ਦਿਖਾਓਗੇ? (ਆਵਾਜ਼: ਜ਼ਰੂਰ) ਕੀ ਤੁਸੀਂ ਪਰਜਾ ਭਗਤੀ ਦੇ ਚਾਹਵਾਨ ਅਥਵਾ ਪਰਜਾ ਭਗਤ ਹੋ? (ਆਵਾਜ਼: ਬੇਸ਼ਕ) ਕੀ ਤੁਸੀਂ ਦੁਨੀਆਂ ਦੇ ਗੁਲਾਮ, ਨਿਹੱਥੇ, ਮਜ਼ਲੂਮ ਕਿਰਤਿਆਂ ਲਈ ਦਰਦ ਰਖਦੇ ਹੋ? ਤੇ ਦਰਦ ਵੰਡੌਣ ਲਈ ਤਿਆਰ ਹੋ? (ਆਵਾਜ਼ਾਂ: ਜ਼ਰੂਰ, ਜ਼ਰੂਰ) ਤਦ ਫੇਰ, ਮੇਰੇ ਲਾਡਲੇ ਬਹਾਦਰ ਸਪੁਤਰੋ! ਉਠੋ! ਸਰੀਰ ਛਣਕੋ, ਮੋਢੇ ਹਿਲਾਓ! ਸਿਰਉਚਾ ਕਰੋ ਤੇ ਬਹਾਦਰ ਬਣੋ। ਤੁਸੀਂ ਕਈ ਵਾਰ ਸ਼ੁਤੰਤਰਤਾ ਪ੍ਰਾਪਤ ਕਰਨ ਦੇ ਸਾਧਨਾ ਪੁਰ ਬਹਿਸਾਂ ਕਰਦੇ ਹੁੰਦੇ ਹੋ ਤੇ ਕਈ ਵਾਰ ਮੈਨੂੰ ਭੀ ਪੁਛਦੇ ਹੁੰਦੇ ਹੋ। ਲਓ ਸੁਣੋ! ਤੇ ਧਿਆਨ ਨਾਲ ਸੁਣੋ!!

"ਦੇਸ਼ ਗਲਾਂ ਨਾਲ ਅਜ਼ਾਦ ਨਹੀਂ ਹੁੰਦੇ। ਕੌਮਾਂ ਗਿਣਤੀਆਂ ਗਿਣਿਆਂ ਨਹੀਂ ਸੁਤੰਤਰ ਹੁੰਦੀਆਂ। ਪਰ ਦੱਲਤ ਜ਼ਾਤੀਆਂ ਸੁਖੱਲੀਆਂ ਹੀ ਖੜੀਆਂ ਨਹੀਂ ਹੋ ਜਾਂਦੀਆਂ। ਇਹਨਾਂ ਲਈ ਬੜੀਆਂ ੨ ਕੁਰਬਾਨੀਆਂ ਦੀ ਲੋੜ ਹੈ। ਧਨ ਮਾਲ ਤੋਂ ਇਲਾਵਾ ਹਜ਼ਾਰਾਂ ਤੇ ਲਖਾਂ ਸਿਰਾਂ ਦੀ ਭੇਟ ਦੇਣੀ ਪੈਂਦੀ ਹੈ।

ਨੌ-ਜਵਾਨ ਗਭਰੂਓ! ਦੋ ਡਾਲੇ (ਅਮ੍ਰੀਕਨ ਸਿੱਕਾ ਜੋ ਚਾਰ ਕੁਰੁਪੈ ਦੇ ਬਰਾਬਰ ਹੈ) ਕਮੌਣ ਲਈ ਦਸ ਘੰਟੇ ਲਹੂ ਪਾਣੀ ਕਰਨਾ ਪੈਂਦਾ ਹੈ। ਪੂਰੇ ਦਿਨ ਲਈ ਆਪਣਾਂ ਆਪ ਦੂਜੇ ਨੂੰ ਸੌਂਪ ਦੇਣਾ ਪੈਂਦਾਂ ਹੈ ਤਦ ਜਾਕੇ ਪੇਟ ਭਰਨ ਨੂੰ ਦੋ ਡਾਲੇ ਮਿਲਦੇ ਹਨ, ਜਦ ਮਾਮੂਲੀ ਜੇਹੇ ਦੋਂਹ ਡਾਲਿਆਂ ਦੀ ਕੀਮਤ ਦਸ ਘੰਟੇ ਦੀ ਸਿਰ ਤੋੜ ਮਿਹਨਤ ਹੈ। ਦਸ ਘੰਟੇ ਦੀ ਗੁਲਾਮੀ ਹੈ। ਦਸਾਂ ਘੰਟਿਆਂ ਦੀ ਕੁਰਬਾਨੀ ਹੈ, ਤਦ ਫੇਰ ਕੌਮੀ ਸੁਤੰਤਰਤਾ ਲਈ ਕਿੰਨੀਕੁ ਮੇਹਨਤ ਚਾਹੀਏ? ਸੁਦੇਸ-ਪ੍ਰਾਧੀਨਤਾ ਨੂੰ ਦੂਰ ਕਰਨ ਲਈ ਕਿਨੇ ਕੁ ਤ੍ਰਾਨ ਦੀ ਜ਼ਰੂਰਤ ਲੋੜੀਏ? ਅਜ਼ਾਦੀ ਦੇਵੀ ਨੂੰ ਵਰਨ ਲਈ ਕਿਨੇ ਕੁ ਸਿਰਾਂ ਦੀ ਭੇਟ ਦੇਣੀ ਉਚਿਤ ਸਮਝੀ ਜਾਵੇ? (ਅਮਿਤ ਧਨ ਤੇ ਅਗਿਨਤ ਸਿਰਾਂ ਦੀ)।

ਬੱਚਿਓ! ਭਾਵੇਂ ਰਾਤ ਬਹੁਤ ਚਲੀ ਗਈ ਹੈ ਪਰ ਅਜ ਮੈਂ ਤੁਹਾਨੂੰ ਹੋਰ ਭੀ ਦੋ ਚਾਰ ਗਲਾਂ ਜ਼ਰੂਰ ਆਖਣੀਆਂ ਹਨ।

ਇਹਨਾਂ ਸ਼ਹੀਦਾਂ ਵਲ ਵੇਖਦੇ ਹੋ? ਇਹਨਾਂ ਅੰਗ-ਭੰਗ ਬਹਾਦਰ ਦੇਸ਼ ਭਗਤਾਂ ਵਲਿ ਤਕਦੇ ਹੋ? ਇਹਨਾਂ ਅਦੁਤੀ ਪਰਜਾ ਭਗਤਾਂ, ਕੌਮ ਪ੍ਰੇਮੀ ਵੱਲ ਨੀਝ ਲਾਕੇ ਵੇਖੋ ਤੇ ਵਿਚਾਰੋ ਕਿ ਕੌਮਾਂ ਕਿਸ ਤਰਾਂ ਸੁਤੰਤ੍ਰ ਹੋਇਆ ਕਰਦੀਆਂ ਹਨ।

ਪਰਜਾ ਭਰਾਤੀ ਦੇ ਚਾਹਵਾਨੋ! ਜਿਨ੍ਹਾਂ ਦਿਨਾਂ ਵਿਚ ਸਾਡੇ ਗੱਲੀਂ ਤੁਹਾਡੇ ਵਾਂਗੂੰ ਪ੍ਰਤੰਤ੍ਰਤਾ ਦੇ ਤੰਦੀਰੇ ਘੁਟ ਕੇ ਮਿਲੇ ਹੋਏ ਸਨ, ਜਿਨ੍ਹਾਂ ਦਿਨ੍ਹਾਂ ਵਿਚ ਗੁਲਾਮੀ ਦੀਆਂ ਬੇੜੀਆਂ ਨੇ ਸਾਨੂੰ ਜਕੜ ਰਖਿਆ ਸੀ, ਉਨ੍ਹੀ ਦਿਨੀਂ ਇਨ੍ਹਾਂ ਭਯੰਕਰ ਬੰਨ੍ਹਣਾਂ ਨੂੰ ਤੋੜਨ ਲਈ ਇਹ ਬਹਾਦਰ ਅਗੇ ਨਿਕਲੇ ਸਨ! ਇਹ ਕੁਰਬਾਨ ਹੋ ਚੁਕੇ ਬੀਰ ਮੈਦਾਨ ਵਿਚ ਨਿਤਰੇ ਸਨ। ਖੈਰ! ਨਤੀਜਾ ਮੈਂ ਨੇੜੇ ਹੀ ਦਸ ਦੇਂਦੀ ਹਾਂ ਕਿ ਸਾਡੇ ਦੇਸ (ਅਮਰੀਕਾ) ਵਿਚ ਇਸ਼ ਭਿਆਨਕ ਜੰਗ ਦੇ ਪਿਛੋਂ, ਇਸ ਗੁਲਾਮੀ ਦੇ ਸੰਗਲ ਤੋੜਨ ਦੇ ਬਾਹਦ, ਇਸ ਪ੍ਰਤੰਤ੍ਰਤਾ ਦੇ ਬੰਨ੍ਹਣ ਕਟਨ ਦੇ ਉਪਰੰਤ ਪੰਦਰਾਂ ਤੇ ਪੰਜਾਹ ਸਾਲ ਦੇ ਵਿਚਕਾਰ ਦੀ ਉਮਰ ਵਾਲਾ ਕੋਈ ਵਿਰਲਾ ਹੀ ਪੂਰੀਂ ਅੰਗੀਂ ਸਾਬਤ ਅਥਵਾ ਬਿਨਾਂ ਕੋਈ ਫੱਟ ਖਾਧੇ ਦਿਸਦਾ ਸੀ। ਪਰ ਅਜ ਉਹਨਾਂ ਅੰਗ ਹੀਨਾਂ ਦੀ ਔਲਾਦ ਵਲ ਦੇਖਦੇ ਹੋ! ਉਹਨਾਂ ਲੰਙਿਆਂ ਦੀ ਔਲਾਦ ਛੇ ਛੇ ਫੁਟ ਮਜ਼ਬੂਤ ਲਤਾਂ ਵਾਲੀ ਹੈ। ਉਹਨਾਂ ਲੂਲਿਆਂ ਦੀ ਸੰਤਾਨ ਦੀਆਂ ਬਾਹਾਂ ਅਜ ਲੋਹੇ ਦੇ ਡੰਡੇ ਹਨ। ਉਹਨਾਂ ਨੇਤ੍ਰ ਹੀਨਾਂ ਦੀ ਔਲਾਦ ਦੇ ਨੇਤ੍ਰ ਅੱਜ ਕੁਲ ਦੁਨੀਆਂ ਤੋਂ ਉਚੇ ਤੇ ਪ੍ਰਕਾਸ਼ ਮਾਨ ਹਨ। ਹਾਂ ਜੀ! ਅਜ ਉਨ੍ਹਾਂ ਗੁਲਾਮਾਂ ਦੁਖੀਆਂ ਦੀ ਔਲਾਦ ਸ੍ਵਤੰਤ੍ਰ ਮੌਜਾਂ ਮਾਨ ਰਹੀ ਹੈ। ਧੰਨ ਹਨ ਉਹ ਸ਼ਹੀਦ! ਸਾਰੇ ਆਖੋ 'ਧੰਨ ਹਨ ਸ਼ਹੀਦ ਰੂਹਾਂ! (ਸਾਰਿਅ ਨੇ ਕਿਹਾ "ਧੰਨ ਹਨ ਸ਼ਹੀਦ ਰੂਹਾਂ)' ਬੁਢੀ ਨੇ ਕਿਹਾ 'ਇਸ ਲਈ ਬਹਾਦਰੋ! ਜੇ ਦੇਸ ਆਜ਼ਾਦ ਕਰਨਾ ਜੇ। ਜੇ ਸ੍ਵਤੰਤ੍ਰਤਾ ਦੇਵੀ ਨੂੰ ਵਰਨਾ ਜੇ। ਜੇ ਕੌਮ ਨੂੰ, ਮੁਰਦੀ ਕੌਮ ਨੂੰ ਜੀਉਂਦਿਆਂ ਕਰਨਾ ਜੇ, ਤੇ ਤਦ ਜਾਓ ਸਿਰਾਂ ਤੇ ਕਫਨ ਬੰਨ੍ਹਕੇ ਦੇਸ ਨੂੰ ਜਾਓ, ਤੇ ਘਰ ਘਰ ਦਰ ਦਰ ਤੇ ਹਰ ਨਰ ਨਾਰਿ ਬੁਢੇ ਬਚੇ ਪਾਸ ਪੁਜ ਪੁਜ ਕੇ ਸ੍ਵਤੰਤ੍ਰਤਾ ਦਾ ਪ੍ਰਚਾਰ ਕਰਕੇ ਸੁਤੇ ਦੇਸ਼ ਨੂੰ ਜਗਾਓ। ਆਪ ਕਸ਼ਟ ਝਲੋ ਤੇ ਲੋਕਾਂ ਨੂੰ ਬਚਾਓ। ਇਕਲੇ ਇਕਲੇ ਕੋਲ ਹੋਕਾ ਦੇ ਆਜ਼ਦੀ ਦਾ ਨਾਦ ਵਜਾਓ। ਹੁਸ਼ਿਆਰ ਕਰੋ, ਆਪ ਮਰੋ ਤੇ ਵੀਰਾਂ ਨੂੰ ਜਿਵਾਓ।

ਆਪ ਗਲਾਂ ਵਿਚ ਰਸੀਆਂ ਪਾਕੇ ਦੇਸ਼ ਪ੍ਰਤੰਤ੍ਰਤਾ ਦੇ ਬਨ੍ਹਣ ਕਟੋ, ਬੇ-ਖੌਫ ਹੋਕੇ ਜੀਵਨ ਸੰਗਰਾਮ ਵਿਚ ਕੁਦ ਪਓ, ਤੇ ਡੁਬਦੇ ਕੌਮੀ ਜਹਾਜ਼ ਨੂੰ ਮਲਾਹ ਬਣਕੇ ਬਚਾਓ। ਇਹਨਾਂ ਸ਼ਹੀਦਾਂ ਦੇ ਦਰਸ਼ਨਾਂ ਦੀ ਸੁਗੰਦ ਖਾਓ। ਇਨ੍ਹਾਂ ਨੂੰ ਹਾਜ਼ਰ ਨਾਜ਼ਰ ਜਾਣਕੇ ਪ੍ਰਣ ਕਰੋ ਕਿ ਅਸੀਂ ਕੌਮ ਲਈ ਧੱਨ ਤਨ ਤੇ ਮਨ ਤਕ ਭੀ ਖੁਸ਼ੀ ੨ ਵਾਰਾਂਗੇ ਤੇ ਡੁਬਦੀ, ਭੁਲੀ ਤੇ ਸੁਤੀ ਕੌਮ ਨੂੰ ਉਭਾਰਾਂਗੇ, ਸਿਧੇ ਰਾਹ ਪਾਵਾਂ ਗੇ ਤੇ ਜਗਾਵਾਂਗੇ।

ਇਨਾਂ ਕਹਿ ਬੁਢੀ ਮਾਈ ਬੈਠ ਗਈ, ਸ੍ਰੋਤਿਆਂ ਦੀ ਹਾਲਤ ਦਾ ਅੰਦਾਜ਼ਾ ਪਾਠਕ ਜਨ ਆਪ ਹੀ ਲਾ ਲੈਣ, ਲਿਖਨ ਦੀ ਲੋੜ ਨਹੀਂ ਕਿਸ ਜੋਸ਼ ਦਾ ਸਮੁੰਦਰ ਉਮੰਡ ਰਿਹਾ ਸੀ। ਕਰਤਾਰ ਸਿੰਘ ਨੇ ਕਿਹਾ:—

'ਦੋਸਤੋ! ਮਾਈ ਦੇ ਭਾਖਨ ਤੇ ਕੁਛ ਟੀਕਾ ਟਿਪਣੀ ਦੀ ਲੋੜ ਨਹੀਂ ਮੈਨੂੰ ਤਾਂ ਬਾਬੇ ਦੀ ਇਹ ਤੁਕ ਅਛੀ ਤਰਾਂ ਯਾਦ ਹੈ:—

"ਜਉ ਤਉ ਪ੍ਰੇਮ ਖੇਲਨ ਕਾ ਚਾਉ
ਸਿਰੁ ਧਰਿ ਤਲੀ ਗਲੀ ਮੇਰੀ ਆਉ।
ਇਤੁ ਮਾਰਗਿ ਪੈਰ ਧਰੀਜੈ
ਸਿਰ ਦੀਜੈ ਕਾਣ ਨ ਕੀਜੈ" ॥

ਕਿਉਂ ਸਜਨੋਂ! ਤੱਯਾਰ ਹੋ! ਬਸ ਕਹਿਣ ਦੀ ਲੋੜ ਨਹੀਂ ਯਹਾਂ ਤੱਯਾਰ ਬੈਠੇ ਹੈਂ ਗਰੀਬਾਂ ਨੇ ਵਤਨ ਪਹਿਲੇ' ਏਨਾਂ ਆਖਕੇ ਬੈਠ ਗਿਆ। ਇਸਦੇ ਪਿਛੋਂ ਇਕ ਕਵੀ ਨੇ ਇਹ ਨਜ਼ਮ:—

ਉਹ ਹਿੰਦੁਸਤਾਨ ਮਿਰਾ

ਮਰਨ ਬਾਦ ਦਰਗਾਹ ਵਿਚ ਭੀ, ਹੋਊ ਇਹੀ ਬਿਆਨ ਮਿਰਾ!
'ਮੈਂ ਉਸ ਭਾਰਤ ਦੀ ਮਿੱਟੀ ਹਾਂ, ਉਹ ਹੈ ਹਿੰਦੁਸਤਾਨ ਮਿਰਾ!

ਮੈਂ ਹਾਂ ਇਕ ਮਿਟੀ ਦਾ ਕਿਣਕਾ, ਉਸ ਉਜੜੇ ਭਾਰਤ ਥਿਹ ਦਾ,
ਏਹੀ ਕੁਲ ਠਿਕਾਣਾ ਮੇਰਾ, ਏਹੀ ਨਾਮ ਨਿਸ਼ਾਨ ਮਿਰਾ!
ਪਤਿ-ਝੜ ਹਥੋਂ ਸੁਕ ਮੁਰਝਾ ਗਏ, ਜਿਸ ਬਾਗੀਚੇ ਦੇ ਬੂਟੇ!
ਮੈਂ ਉਸ ਗੁਲਸ਼ਨ ਦੀ ਬੁਲਬੁਲ ਹਾਂ, ਉਹ ਹੈ ਗੁਲਸਤਾਨ ਮਿਰਾ!
ਬੀਤੇ ਕਿਸੇ ਸਮੇਂ ਸੀ ਕਦੇ ਕੁ ਵਸਦਾ ਰਸਦਾ ਉਹ ਘਰ ਭੀ,
ਕੀ ਹੋਯਾ ਪਰਦੇਸੀਆਂ ਹਥੋਂ, ਉਜੜ ਗਿਆ ਮਕਾਨ ਮਿਰਾ!
ਮੈਂ ਤੇਰਾ ਹਾਂ ਭਾਰਤ! ਸਚਾ ਸੇਵਕ ਸਦਾ ਰਹੂੰ ਬਣਿਆ,
ਤੂੰ ਹੈਂ ਇੰਦਰ ਪੁਰੀ ਮੇਰੀ, ਤੂੰ ਹੈਂ ਬੈਕੁੰਠ ਸਥਾਨ ਮਿਰਾ!
ਮੇਰੀ ਛਾਤੀ ਵਿਚ ਸਦਾ ਭੜਕੇਂਦੀ ਤੇਰੀ ਪ੍ਰੇਮ ਅਗਨਿ,
ਨਜ਼ਰਾਂ ਵਿਚਿ ਮਿਰੇ ਐ ਭਾਰਤ! ਤੂੰ ਹੀ ਕੁਲ ਜਹਾਨ ਮਿਰਾ!
ਤੇਰੀ ਖਾਤਰ ਜੇ ਇਹ 'ਦੁਖੀ' ਸਿਰ ਲਗੇ ਸਰਬੰਸ ਲਗੇ,
ਤਾਂ ਮੈਂ ਸਮਝੂੰ ਦੁਹੀਂ ਜਹਾਨੀ ਹੋ ਗਿਆ ਅਮਰ ਨਸ਼ਾਨ ਮਿਰਾ"!

ਪੜ੍ਹੀ ਤੇ ਆਪੋ ਆਪਨੇ ਘਰਾਂ ਨੂੰ ਚਾਲੇ ਪਾਏ।

ਬੁਢੀ ਮਾਈ ਨਾਲ ਹਥ ਮਲੌਂਦੇ ਤੇ ਜ਼ਬਾਨੀ ਵਿਦਾਇਗੀ ਲੈਂਦੇ ਸਨ।

ਸਭ ਤੇ ਅਖੀਰ ਤੁਰਦਿਆਂ ਦਰਵਾਜ਼ੇ ਵਿਚ ਖੜੋਕੇ ਪਿੰਗਲੇ ਨੇ ਡਾਢੇ ਦਰਦ ਭਰੇ ਲਹਿਜੇ ਵਿਚ ਅੰਗ੍ਰੇਜ਼ੀ ਦਾ ਨਿਮਨ ਲਿਖਤ ਛੰਦ ਪੜ੍ਹਿਆ:—

Hadn't I loved you so kindly
Hadn't I loved you so blindly.
Never met and never parted.
We had never been disheartened.

ਅਰਥਾਤ

ਬੇ-ਪ੍ਰਵਾਹਿ ਐ ਮਾਂ, ਜੇ ਤੈਥੀਂ ਪਿਆਰ ਨ ਕੀਤਾ ਹੁੰਦਾ,
ਅੰਨ੍ਹੇ ਵਾਹ ਐ ਮਾਂ, ਜੇ ਤੈਥੀਂ ਪਿਆਰ ਨ ਕੀਤਾ ਹੁੰਦਾ,
ਨਾ ਮਿਲਦੇ ਅਰੁ ਨਾ ਵਿਛੜਦੇ, ਨਾ ਫਸਦੇ ਨਾ ਲੁਟਦੇ,
ਖੁਸ਼ੀਏ ਵਸਦੇ, ਸੁਖੀ ਰਹਿੰਦੇ, 'ਦੁਖੀ' ਦਿਲ ਨਾ ਟੁਟਦੇ।

ਸ ਮਾ ਪ ਤ

